ਰੋਜ਼ਾਨਾ ਲੋਕ ਬਾਣੀ
ਨੂੰ ਪੱਤਰਕਾਰਾਂ ਦੀ
ਲੋੜ
99155-94111

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com ਬੁੱਧਵਾਰ, 22 ਜੂਨ 2022 ਮੁੱਖ ਸੰਪਾਦਕ :- ਅਮਨ ਮਹਿਰਾ (ਜਲੰਧਰ)


ਇਸ਼ਤਿਹਾਰ ਲਵਾਓ
ਵਪਾਰ ਵਧਾਓ
ਰੋਜਾਨਾ ਲੋਕ
ਬਾਣੀ
ਅਖਬਾਰ ਵਿਚ
ਸੰਪਰਕ ਕਰੋ
0181-2211009
Newslokbani@gmail.com

R.N.I. Punpun/29016/2008 ✲ ਸਾਲ : 14 ✲ ਅੰਕ : 458 ✲ ਮੁੱਲ : 5.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111

## ਪੁਲਿਸ ਨੂੰ ਮਿਲਿਆ ਆਈ ਏ ਐਸ ਸੰਜੇ ਪੋਪਲੀ ਦਾ 4 ਦਿਨ ਦਾ ਰਿਮਾਂਡ

**ਚੰਡੀਗੜ੍ਹ/ਵਿਨੋਦ ਸ਼ਰਮਾ**

ਠੇਕੇਦਾਰ ਤੋਂ ਰਿਸ਼ਵਤ ਮੰਗਣ ਦੇ ਮਾਮਲੇ 'ਚ ਸੀਨੀਅਰ ਆਈ.ਏ.ਐਸ. ਅਫ਼ਸਰ ਸੰਜੇ



ਪੋਪਲੀ ਅਤੇ ਸੀਵਰੇਜ ਬੋਰਡ ਦੇ ਅਧਿਕਾਰੀ ਸੰਜੀਵ ਵਤਸ ਦੋ ਵਿਜੀਲੈਂਸ ਵਲੋਂ ਅਦਾਲਤ 'ਚ ਪੇਸ਼ ਕੀਤਾ ਗਿਆ, ਅਦਾਲਤ ਵਲੋਂ ਸਰਕਾਰੀ ਧਿਰ ਅਤੇ ਬਚਾਅ ਪੱਖ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਸੰਜੇ ਪੋਪਲੀ ਅਤੇ ਸੰਜੀਵ ਵਤਸ ਨੂੰ ਚਾਰ ਦਿਨ ਦੇ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ।



## ਰੂਸੀ ਪੱਤਰਕਾਰ ਨੇ ਨੀਲਾਮ ਕੀਤਾ ਆਪਣਾ ਨੋਬਲ ਐਵਾਰਡ

### ਪੈਸਿਆਂ ਨਾਲ ਯੂਕਰੇਨੀ ਬੱਚਿਆਂ ਦੀ ਹੋਵੇਗੀ ਮਦਦ

ਰੂਸ ਅਤੇ ਯੂਕਰੇਨ ਵਿਚਾਲੇ ਸਾਢੇ ਤਿੰਨ ਮਹੀਨਿਆਂ ਤੋਂ ਜੰਗ ਚੱਲ ਰਹੀ ਹੈ ਯੁੱਧ ਵਿੱਚ ਯੂਕਰੇਨ ਤਬਾਹ ਹੋ ਰਿਹਾ ਹੈ ਰੂਸੀ ਪੱਤਰਕਾਰ ਦਮਿਤਰੀ ਮੁਰਾਤੋਵ ਨੇ ਸੋਮਵਾਰ ਰਾਤ ਨੂੰ ਆਪਣੇ ਨੋਬਲ ਸ਼ਾਂਤੀ ਪੁਰਸਕਾਰ ਦੀ ਨਿਲਾਮੀ ਕੀਤੀ ਮੁਰਾਤੋਵ ਯੂਕਰੇਨ ਵਿੱਚ ਯੁੱਧ ਕਾਰਨ ਬੇਘਰ ਹੋਏ ਬੱਚਿਆਂ ਦੀ ਮਦਦ ਲਈ ਨਿਲਾਮੀ ਤੋਂ ਪੈਸੇ ਸਿੱਧੇ ਯੂਨੀਸੇਫ ਨੂੰ ਦੇਵੇਗਾ।

## ਜਲੰਧਰ ਘਰ ਵਿੱਚ ਹੋਈ ਵੱਡੀ ਲੁੱਟ

**ਜਲੰਧਰ/ਰਾਕੇਸ਼ ਵਰਮਾ**

ਜਲੰਧਰ ਦੇ ਮੁਹੱਲਾ ਸ਼ਕਤੀ ਨਗਰ 'ਚ ਲੁੱਟ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ ਜਾਣਕਾਰੀ ਮੁਤਾਬਿਕ ਕੰਮ ਕਰਨ ਦੇ ਬਹਾਨੇ ਘਰ 'ਚ 2 ਔਰਤਾਂ ਵੜ ਗਈਆਂ ਅਤੇ ਕੰਮ ਕਰਨ ਦੇ ਬਹਾਨੇ ਘਰ ਦੇ ਗਹਿਣਿਆਂ ਤੇ ਹੱਥ ਸਾਫ਼ ਕਰ ਦਿੱਤਾ ਅਤੇ 50 ਤੋਲੇ ਤੋਂ ਵਧ ਦਾ ਸੋਨਾ ਲੈ ਕੇ ਫ਼ਰਾਰ ਹੋ ਗਏ ਗਲੀ 'ਚ ਲੱਗੇ



ਸੀ.ਸੀ.ਟੀ.ਵੀ. ਕੈਮਰੇ 'ਚ ਇਹ ਘਟਨਾ ਕੈਦ ਹੋ ਗਈ ਹੈ।

## ਪੰਜਾਬ ਵਿੱਚ ਸਰਹੱਦ ਲਾਗੇ ਫੜੀ ਕਰੋੜਾਂ ਦੀ ਹੈਰੋਇਨ

**ਫ਼ਾਜ਼ਿਲਕਾ/ਲੋਕ ਬਾਣੀ**

ਭਾਰਤ ਪਾਕਿਸਤਾਨ ਕੌਮਾਂਤਰੀ ਸਰਹੱਦ ਦੇ ਅਬੋਹਰ ਸੈਕਟਰ 'ਚ ਬੀ.ਐੱਸ.ਐੱਫ. ਨੂੰ ਨਸ਼ੇ ਦੀ ਖੇਪ ਬਰਾਮਦ ਹੋਈ ਹੈ ਬਰਾਮਦ ਕੀਤੀ ਗਈ ਹੈਰੋਇਨ ਦੀ ਕੀਮਤ ਕੌਮਾਂਤਰੀ ਬਾਜ਼ਾਰ 'ਚ ਕਰੋੜਾਂ ਰੁਪਏ ਦੱਸੀ ਜਾ ਰਹੀ ਹੈ ਦੱਸਿਆ ਜਾ ਰਿਹਾ ਹੈ ਕਿ ਪਿੰਡ ਜੋਧਾ ਵਾਲੀ ਨੇੜੇ ਨਸ਼ੇ ਦੀ ਇਹ ਖੇਪ ਪਲਾਸਟਿਕ ਦੀਆਂ ਬੋਤਲਾਂ 'ਚ ਸੀ, ਜੋਕਿ ਕੌਮਾਂਤਰੀ ਸਰਹੱਦ ਦੀ ਕੰਡਿਆਲੀ ਤਾਰ ਦੇ ਨੇੜੇ ਦਬੀ ਹੋਈ ਸੀ ਸੂਤਰਾਂ ਮੁਤਾਬਿਕ ਇਸ ਮਾਮਲੇ ਵਿਚ ਇਕ ਬੀ.ਐੱਸ.ਐੱਫ.ਦੇ ਜਵਾਨ ਨੂੰ ਵੀ ਫੜਿਆ ਗਿਆ ਹੈ ਜਿਸ ਕੋਲੋਂ ਬੀ.ਐੱਸ.ਐੱਫ. ਅਤੇ





ਸੁਰੱਖਿਆ ਏਜੰਸੀਆਂ ਪੁੱਛਗਿੱਛ ਕਰ ਰਹੀਆਂ ਹਨ ਬੀ.ਐੱਸ.ਐੱਫ. ਨੂੰ ਸ਼ੱਕ ਹੈ ਕਿ ਇਸ ਮਾਮਲੇ 'ਚ ਜਵਾਨ ਦਾ ਵੀ ਹੱਥ ਹੈ ਫ਼ਿਲਹਾਲ ਇਸ ਮਾਮਲੇ ਦੀ ਅਜੇ ਕੋਈ ਅਧਿਕਾਰਕ ਪੁਸ਼ਟੀ ਨਹੀਂ ਹੋਈ ਹੈ ਪੁਸ਼ਟੀ ਤੋਂ ਬਾਅਦ ਹੀ ਇਹ ਮਾਮਲਾ ਸਾਫ਼ ਹੋ ਪਵੇਗਾ।

## ਸ਼ਿਵ ਸੈਨਾ ਸਰਕਾਰ ਦੇ ਕੁੱਝ ਵਿਧਾਇਕ ਸੂਰਤ ਜਾ ਬੈਠੇ ਸਰਕਾਰ ਪਰੇਸ਼ਾਨ

**ਸੂਰਤ/ਲੋਕ ਬਾਣੀ**

ਮਹਾਰਾਸ਼ਟਰ ਵਿਧਾਨ ਪਰਿਸ਼ਦ ਚੋਣਾਂ ਵਿੱਚ ਸੱਤਾਧਾਰੀ ਮਹਾ ਵਿਕਾਸ ਅਗਾੜੀ (ਐੱਮਵੀਏ) ਨੂੰ ਝਟਕਾ ਲੱਗਣ ਤੋਂ ਬਾਅਦ



ਮਹਾਰਾਸ਼ਟਰ ਦੇ ਮੰਤਰੀ ਏਕਨਾਥ ਸ਼ਿੰਦੇ ਅਤੇ ਸ਼ਿਵ ਸੈਨਾ ਦੇ ਕੁਝ ਹੋਰ ਵਿਧਾਇਕ ਗੁਜਰਾਤ ਦੇ ਸੂਰਤ ਸ਼ਹਿਰ ਦੇ ਹੋਟਲ ਵਿੱਚ ਹਨ ਸੂਤਰਾਂ ਨੇ ਦੱਸਿਆ ਕਿ ਪਾਰਟੀ ਦੀ ਲੀਡਰਸ਼ਿਪ ਤੋਂ ਨਾਰਾਜ਼ ਕੁਝ ਵਿਧਾਇਕ ਸੋਮਵਾਰ ਰਾਤ ਨੂੰ ਸੂਰਤ ਪਹੁੰਚ ਗਏ ਅਤੇ ਇੱਥੇ ਹੋਟਲ ਵਿੱਚ ਠਹਿਰੇ ਹੋਏ ਹਨ ।



## ਨਕਸਲੀ ਹਮਲੇ 'ਚ ਤਿੰਨ ਜਵਾਨ ਹੋਏ ਸ਼ਹੀਦ

**ਛੱਤੀਸਗੜ੍ਹ/ਲੋਕ ਬਾਣੀ-** ਛੱਤੀਸਗੜ੍ਹ ਦੀ ਸਰਹੱਦ ਨਾਲ ਲੱਗਦੇ ਓਡੀਸ਼ਾ ਦੇ ਨੁਪਾਡਾ ਜ਼ਿਲ੍ਹੇ 'ਚ ਨਕਸਲੀ ਹਮਲੇ 'ਚ ਤਿੰਨ ਜਵਾਨ ਸ਼ਹੀਦ ਹੋ ਗਏ ਹਨ ਦੁਪਹਿਰ ਤਿੰਨ ਵਜੇ ਦੇ ਕਰੀਬ ਨਕਸਲੀਆਂ ਨੇ ਘਾਤ ਲਗਾ ਕੇ ਅਚਾਨਕ ਗੋਲੀਬਾਰੀ ਸ਼ੁਰੂ ਕਰ ਦਿੱਤੀ ਮਾਰੇ ਗਏ ਤਿੰਨ ਜਵਾਨ ਸੀ.ਆਰ.ਪੀ.ਐੱਫ. ਦੀ ਜੀ.19 ਬਟਾਲੀਅਨ ਨਾਲ ਸਬੰਧਤ ਸਨ।

## ਅਸਾਮ ਵਿੱਚ ਹੜ੍ਹ ਕਾਰਨ 11 ਦੀ ਮੌਤ ਕਈ ਲਾਪਤਾ

**ਗੁਹਾਟੀ/ਲੋਕ ਬਾਣੀ**

ਪਿਛਲੇ ਹਫ਼ਤੇ ਤੋਂ ਲਗਾਤਾਰ ਪੈ ਰਹੇ ਮੀਂਹ ਕਾਰਨ ਆਏ ਭਿਆਨਕ ਹੜ੍ਹਾਂ ਨੇ ਅਸਾਮ ਦੇ 36 ਵਿੱਚੋਂ 32 ਜ਼ਿਲ੍ਹਿਆਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ ਅਤੇ ਹੁਣ ਤੱਕ ਕੁੱਲ 82 ਲੋਕਾਂ ਦੀ ਜਾਨ ਜਾ ਚੁੱਕੀ ਹੈ ਅਧਿਕਾਰੀਆਂ ਨੇ ਦੱਸਿਆ ਕਿ ਬੀਤੇ 24 ਘੰਟਿਆਂ ਦੌਰਾਨ 11 ਜਣਿਆਂ ਦੀ ਮੌਤ ਹੋਣ ਅਤੇ ਸੱਤ ਹੋਰਨਾਂ ਦੇ ਲਾਪਤਾ ਹੋਣ ਦੀ ਸੂਚਨਾ ਹੈ ਉਨ੍ਹਾਂ ਦੱਸਿਆ ਕਿ ਬ੍ਰਹਮਪੁੱਤਰ ਅਤੇ ਬਰਾਕ ਨਦੀਆਂ ਦ ` ਨਾਲ ਨਾਲ ਇਸ ਦੀਆਂ ਸਹਾਇਕ ਨਦੀਆਂ ਦੇ ਉਫਾਨ 'ਤੇ ਹੋਣ ਨਾਲ ਅੱਜ ਸੂਬੇ ਵਿੱਚ ਹੜ੍ਹਾਂ ਦੀ ਸਥਿਤੀ ਮੁੜ ਗੰਭੀਰ ਹੋ ਗਈ ਹੈ ਹੜ੍ਹਾਂ ਕਾਰਨ ਲਗਪਗ 48 ਲੱਖ ਲੋਕ ਪ੍ਰਭਾਵਿਤ ਹੋਏ ਹਨ ਅਸਾਮ ਦੀ ਬਰਾਕ ਘਾਟੀ ਦੇ ਕਛਾਰ ਵਿੱਚ ਬਚਾਅ ਮੁਹਿੰਮ ਚਲਾਉਣ ਲਈ ਐੱਨਡੀਆਰਐੱਫ ਦੀਆਂ ਟੀਮਾਂ ਭੇਜੀਆਂ ਗਈਆਂ ਹਨ।



## ਯਸ਼ਵੰਤ ਸਿਨਹਾ ਬਣੇ ਰਾਸ਼ਟਰਪਤੀ ਚੋਣ ਲਈ ਵਿਰੋਧੀ ਧਿਰ ਦੇ ਉਮੀਦਵਾਰ

**ਦਿੱਲੀ/ਕਪੂਰ:-** ਰਾਸ਼ਟਰਪਤੀ ਚੋਣ ਲਈ ਵਿਰੋਧੀ ਧਿਰ ਦੇ ਸਾਂਝੇ ਉਮੀਦਵਾਰ ਵਜੋਂ ਸਾਬਕਾ ਕੇਂਦਰੀ ਮੰਤਰੀ ਯਸ਼ਵੰਤ ਸਿਨਹਾ @ਤੇ ਸਹਿਮਤੀ ਹੋ ਗਈ ਹੈ ਇਹ ਜਾਣਕਾਰੀ ਸੂਤਰਾਂ ਨੇ ਦਿੱਤੀ ਇਸ ਤੋਂ ਪਹਿਲਾਂ ਤ੍ਰਿਣਮੂਲ ਕਾਂਗਰਸ ਦੇ ਨੇਤਾ ਯਸ਼ਵੰਤ ਸਿਨਹਾ ਨੇ ਅੱਜ ਪਾਰਟੀ ਛੱਡਣ ਦੇ ਆਪਣੇ ਫੈਸਲੇ ਦਾ ਐਲਾਨ ਕਰਦੇ ਹੋਏ ਕਿਹਾ ਕਿ ਉਹ ਹੁਣ ਵਿਰੋਧੀ ਧਿਰ ਦੀ ਏਕਤਾ ਦੇ ਵਿਆਪਕ ਰਾਸ਼ਟਰੀ ਉਦੇਸ਼ ਲਈ ਕੰਮ ਕਰਨਗੇ ਕਈ ਦਿਨਾਂ ਤੋਂ ਇਹ ਕਿਆਸ ਲਗਾਏ ਜਾ ਰਹੇ ਸਨ ਕਿ ਤ੍ਰਿਣਮੂਲ ਕਾਂਗਰਸ ਦੀ ਮੁਖੀ ਅਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਆਉਣ ਵਾਲੀਆਂ ਰਾਸ਼ਟਰਪਤੀ ਚੋਣਾਂ ਵਿੱਚ ਸਾਬਕਾ ਕੇਂਦਰੀ ਮੰਤਰੀ ਸਿਨਹਾ ਦਾ ਨਾਂ ਵਿਰੋਧੀ ਧਿਰ ਦੇ ਸਾਂਝੇ ਉਮੀਦਵਾਰ ਵਜੋਂ ਪੇਸ਼ ਕਰਨਗੇ ਸ੍ਰੀ ਸਿਨਹਾ ਨੇ ਟਵੀਟ ਕੀਤਾ, 'ਤ੍ਰਿਣਮੂਲ ਕਾਂਗਰਸ ਵੱਲੋਂ ਮੈਨੂੰ ਦਿੱਤੇ ਸਨਮਾਨ ਲਈ ਮੈਂ ਮਮਤਾ ਜੀ ਦਾ ਧੰਨਵਾਦੀ ਹਾਂ ਹੁਣ ਸਮਾਂ ਆ ਗਿਆ ਹੈ, ਜਦੋਂ ਵਿਰੋਧੀ ਧਿਰ ਦੀ ਏਕਤਾ ਦੇ ਵਿਆਪਕ ਰਾਸ਼ਟਰੀ ਉਦੇਸ਼ ਲਈ ਮੈਨੂੰ ਪਾਰਟੀ ਤੋਂ ਵੱਖ ਹੋਣਾ ਪਵੇਗਾ ਮੈਨੂੰ ਯਕੀਨ ਹੈ ਕਿ ਉਹ (ਮਮਤਾ) ਇਸ ਦੀ ਇਜਾਜ਼ਤ ਦੇਣਗੇ ।



ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ
ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਕੱਚੇ ਮੁਲਾਜ਼ਮਾਂ ਨੂੰ ਤਨਖ਼ਾਹ ਦੇਣ ਤੋਂ ਭੱਜੀ ਭਗਵੰਤ ਮਾਨ ਸਰਕਾਰ, ਰੋਡਵੇਜ਼ ਪਨਬੱਸ/PRTC ਦੇ ਕੱਚੇ ਕਾਮਿਆਂ ਵਲੋਂ ਪੰਜਾਬ ਦੇ ਸਮੂਹ ਬੱਸ ਸਟੈਂਡ ਬੰਦ

**ਚੰਡੀਗੜ੍ਹ/ਲੋਕ ਬਾਣੀ**

ਪੰਜਾਬ ਰੋਡਵੇਜ਼ ਪਨਬੱਸ / ਪੀ ਆਰ ਟੀ ਸੀ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ ਵੱਲੋ ਕੱਚੇ ਮੁਲਾਜਮਾਂ ਦੀਆਂ ਤਨਖ਼ਾਹਾਂ ਵਿਭਾਗ ਵੱਲੋ ਨਾ ਦੇਣ ਦੇ ਰੋਸ ਵੱਜੋ ਤਨਖਾਹ ਨਹੀ ਤਾਂ ਕੰਮ ਨਹੀ ਦਾ ਨਾਅਰਾ ਬੁਲੰਦ ਕਰਦੇ ਹੋਏ ਪੰਜਾਬ ਦੇ ਸਾਰੇ ਬੱਸ ਸਟੈਡ ਬੰਦ ਕਰਕੇ ਰੋਸ ਪ੍ਰਦਰਸ਼ਨ ਕੀਤਾ ਗਿਆ ਫਿਰੋਜ਼ਪੁਰ ਕੈਂਟ ਬੱਸ ਸਟੈਂਡ ਤੇ ਧਰਨੇ ਦੌਰਾਨ ਬੋਲਦਿਆਂ ਸੂਬਾ ਪ੍ਰਧਾਨ ਰੇਸ਼ਮ ਸਿੰਘ ਗਿੱਲ,ਡਿਪੂ ਪ੍ਰਧਾਨ ਜਤਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਵੀ ਕਾਂਗਰਸ ਅਤੇ ਅਕਾਲੀ ਦਲ ਭਾਜਪਾ ਸਰਕਾਰਾਂ ਵਾਂਗ ਹੀ ਕੱਚੇ ਮੁਲਾਜ਼ਮਾਂ ਨੂੰ ਪੱਕਾ




ਕਰਨ ਦੀ ਮੰਗ ਤੇ ਸੰਘਰਸ਼ ਕਰਦੇਂ ਕੱਚੇ ਮੁਲਾਜ਼ਮਾਂ ਨੂੰ ਹੁਣ ਪਹਿਲਾਂ ਤੋਂ ਵੀ ਮਾੜੇ ਹਲਾਤ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਪੈਦਾ ਕੀਤੇ ਜਾ ਰਹੇ ਹਨ ਜਿਸ ਦੇ ਚਲਦਿਆਂ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਤੇ ਸੰਘਰਸ਼ ਦੇ ਨਾਲ ਨਾਲ ਹੁਣ ਹਰ ਮਹੀਨੇ ਪਨਬੱਸ ਅਤੇ ਪੀ ਆਰ ਟੀ ਸੀ ਮੁਲਾਜਮਾਂ ਦੀਆਂ ਤਨਖਾਹਾ ਬਹੁਤ ਹੀ ਲੇਟ ਅਦਾ ਕੀਤੀਆਂ ਜਾ ਰਹੀਆਂ ਹਨ ਅਤੇ ਤਨਖਾਹ ਪਾਵਾਉਣ ਲਈ ਵੀ ਰੋਸ ਮੁਜ਼ਾਹਰੇ ਜਾਂ ਹੜਤਾਲ ਕਰਨੀ ਪੈਂਦੀ ਹੈ ਦਿਨ ਰਾਤ ਮਿਹਨਤ ਕਰਕੇ ਪੰਜਾਬ ਦੀ ਜਨਤਾਂ ਨੂੰ ਮੰਜਿਲ ਤੇ ਪਹੁੰਚਾਉਣ ਵਾਲੇ ਅਤੇ ਲੋਕਾਂ ਨੂੰ ਫ੍ਰੀ ਸਫ਼ਰ ਸਹੂਲਤਾਂ ਦੇਣ ਵਾਲੇ ਇਹਨਾਂ ਮੁਲਾਜਮਾਂ ਦੇ ਪਰਿਵਾਰ ਆਰਥਿਕ ਮੰਦਹਾਲੀ ਦਾ ਸ਼ਿਕਾਰ ਹੋ ਰਹੇ ਨੇ ਜਿਸ ਕਾਰਨ ਬੱਸਾ ਚਲਾਉਣ ਵਾਲੇ ਡਰਾਇਵਰ ਕੰਡਕਟਰ ਵੀ ਮਾਨਸਿਕ ਤਣਾਂਅ ਵਿੱਚ ਬੱਸਾ ਚਲਾਉਣ ਲਈ ਮਜਬੂਰ ਹਨ ਇਹਨਾਂ ਹਾਲਾਤਾ ਨੂੰ ਵੇਖਦੇ ਹੋਏ ਜਥੇਬੰਦੀ ਵੱਲੋ ਵਾਰ ਵਾਰ ਉੱਚ ਅਧਿਕਾਰੀਆਂ ਨਾਲ ਅਤੇ ਟਰਾਂਸਪੋਰਟ ਮੰਤਰੀ ਪੰਜਾਬ ਨਾਲ ਸੰਪਰਕ ਕਰਨ ਤੇ ਵੀ ਹੁਣ ਤੱਕ ਤਨਖਾਹਾ ਨਾ ਆਉਣ ਕਾਰਨ ਪੰਜਾਬ ਦੇ ਸਾਰੇ ਬੱਸ ਸਟੈਡ ਬੰਦ ਕਰਨ ਦਾ ਫੈਸਲਾ ਲਿਆ ਗਿਆ ਹੈ ਅਤੇ ਇਸ ਤੋ ਵੀ ਬਾਅਦ ਜੇਕਰ ਤਨਖਾਹ ਨਹੀ ਆਉਦੀ ਤਾਂ ਮਿਤੀ 23/6/22 ਨੂੰ ਦੁਪਹਿਰ 12 ਵਜੇ ਤੋ ਸਮੂਹ ਕਰਮਚਾਰੀ ਬੱਸਾਂ ਬੰਦ ਕਰਕੇ ਪਨਬੱਸ ਤੇ ਪੀ ਆਰ ਟੀ ਸੀ ਦਾ ਚੱਕਾ ਜਾਮ ਕਰਨਗੇ।




ਹੋਣਹਾਰ ਪੁਲਿਸ ਅਫਸਰ ਵਿਕਟਰ ਸਿੰਘ ਨੇ ਸੰਭਾਲਿਆ ਪੁਲਿਸ ਚੌਕੀ ਖਾਸਾ ਦਾ ਚਾਰਜ। -ਫੋਟੋ ਤੇ ਵੇਰਵਾ, ਵਿਕੀ ਉਮਰਾਨੰਗਲ

# ਪਾਣੀ ਦਾ ਸੰਕਟ; ਵਿਸ਼ਵ ਬੈਂਕ, ਫਿਰਕੂ ਹਕੂਮਤ ਤੇ ਅਵਾਮ

ਸੰਕਟ ਪਹਿਲਾਂ ਬਥੇਰੇ ਉੱਪਰੋਂ ਪਾਣੀ ਦਾ ਸੰਕਟ ਲੋਕਾਂ ਦੀ ਜਾਨ ਦਾ ਖੌਅ ਪਾਣੀ ਡੂੰਘਾ ਹੋ ਗਿਐ ਪਾਣੀ ਜ਼ਹਿਰੀ ਹੋ ਗਿਐ ਪੀਣ ਯੋਗ ਨਹੀਂ ਰਿਹਾ ਸਰਕਾਰੀ ਪ੍ਰਚਾਰ, ਮਗਰਮੱਛੀ ਹੰਝੂ ਹੱਲ, ਕੋਈ ਕਦਮ ਨੀਂ, ਹਊਆ ਹੀ ਹਊਆ ਸਦਮੇਬਾਜ਼ੀ ਦਾ ਫੰਡਾ ਪਾਣੀ ਵੇਚਣ ਦੀ ਬਣਤ ਲੋਕਾਂ ਲਈ ਫਜੀਹਤ, ਵਪਾਰੀਆਂ ਲਈ ਗ਼ਨੀਮਤ ਸੰਕਟ ਸਪੱਸ਼ਟ ਐ ਪਾਣੀ ਡੂੰਘਾ ਹੋਇਆ, ਪਾਣੀ ਕੱਢਣ ਨਾਲ ਸਿੰਚਾਈ ਦਾ ਮੁੱਖ ਸਰੋਤ ਖੇਤੀ ਨੂੰ ਨਹਿਰੀ ਪਾਣੀ ਨਾ ਮਾਤਰ ਮਸਾਂ ਸਤਾਈ ਪਰਸੈਂਟ ਬੋਰ ਸਾਢੇ ਸੋਲਾਂ ਲੱਖ। ਝੋਨਾ, ਸਫੈਦਾ ਮਾਰਨ ਸੜ੍ਹਾਕੇ ਪਾਣੀ ਜ਼ਹਿਰੀ ਹੋਇਆ,



ਸੀਵਰੇਜ ਤੇ ਸਨਅਤਾਂ ਦੀ ਗੰਦਗੀ ਨਾਲ ਧਰਤੀ ਵਿੱਚ ਸਿੱਧਿਆਂ ਵੀ ਤੇ ਨਹਿਰਾਂ, ਨਦੀਆਂ ਵਿੱਚ ਖੁੱਲਾ ਵੀ ਕੋਈ ਡਰ ਡੁੱਕਰ ਨਹੀਂ ਨਾ ਪ੍ਰਦੂਸ਼ਣ ਕੰਟਰੋਲ ਬੋਰਡ ਦਾ ਨਾ ਗਰੀਨ ਟ੍ਰਿਬਿਊਨਲ ਦਾ ਮੇਲ-ਮਿਲਾਪ ਵੀ, ਤਕੜੇ ਦਾ ਸੱਤੀਂ ਵੀਹੀਂ ਸੌ ਵੀ। ਸਿਆਪਾ ਸੱਠਵਿਆਂ ਦਾ ਅਨਾਜ ਦੀ ਤੋਟ ਪੂਰਤੀ ਬਣੀ ਬਹਾਨਾ ਸੰਸਾਰ ਬੈਂਕ, ਅਲੀ ਬਾਬਾ,ਚਾਲੀ ਚੋਰ ਮਦਦ ਦੇ ਨਾਂ ਹੇਠ ਸ਼ਰਤਾਂ ਹਕੂਮਤਾਂ ਦੀਆਂ ਸਿਫਾਰਸ਼ਾਂ ਮਹਿਕਮੇ ਦਾ ਪ੍ਰਚਾਰ ਖੇਤੀ 'ਚ 'ਇਨਕਲਾਬ', 'ਹਰਾ ਇਨਕਲਾਬ' ਪਾਣੀ ਚੂਸ ਫਸਲਾਂ (ਝੋਨਾ,ਸਫੈਦਾ ਵਗੈਰਾ) ਘੋੜੀ ਮਗਰ ਵਛੇਰਾ ਬੀਅ ਮਗਰ ਨਦੀਨ-ਸੁੰਡੀਆਂ ਰੇਹਾਂ-ਸਪਰੇਆਂ ਮੋਟਰਾਂ ਤੇ ਮਸ਼ੀਨਰੀ ਖੇਤੀ ਮਾਡਲ ਬਦਲਿਆ ਸਾਮਰਾਜੀ ਮਾਡਲ ਮੜ੍ਹਿਆ ਫਸਲਾਂ ਬਦਲੀਆਂ ਢੰਗ ਤਰੀਕੇ ਬਦਲੇ ਮੰਤਵ ਬਦਲੇ ਲੁੱਟ ਹੀ ਲੁੱਟ ਹਾਥੀ ਦੇ ਦੰਦ, ਦਿਖਾਉਣ ਨੂੰ ਹੋਰ,ਖਾਣ ਨੂੰ ਹੋਰ।

# ਪੰਜਾਬ ਦੇ ਤਿੰਨ ਜ਼ਿਲ੍ਹਿਆਂ 'ਚ 23 ਜੂਨ ਦੀ ਛੁੱਟੀ ਦਾ ਐਲਾਨ, ਸਰਕਾਰੀ ਅਦਾਰੇ ਰਹਿਣਗੇ ਬੰਦ

**ਸੰਗਰੂਰ/ਲੋਕ ਬਾਣੀ**

ਪੰਜਾਬ ਸਰਕਾਰ ਨੇ ਸੰਗਰੂਰ ਲੋਕ ਸਭਾ ਸੀਟ ਲਈ ਹੋ ਰਹੀ ਉੱਪ ਚੋਣ ਦੇ ਕਾਰਨ ਜ਼ਿਲ੍ਹਾ ਸੰਗਰੂਰ, ਜ਼ਿਲ੍ਹਾ ਬਰਨਾਲਾ ਅਤੇ ਜ਼ਿਲ੍ਹਾ ਮਾਲੇਰਕੋਟਲਾ ਦੇ 105-ਮਾਲੇਰਕੋਟਲਾ ਵਿਧਾਨ ਸਭਾ ਹਲਕੇ ਵਿਚ ਸਥਿਤ ਸਰਕਾਰੀ ਦਫ਼ਤਰਾਂ, ਬੋਰਡਾਂ/ਕਾਰਪੋਰੇਸ਼ਨਾਂ ਅਤੇ ਸਰਕਾਰੀ ਵਿੱਦਿਅਕ ਅਦਾਰਿਆਂ ਵਿੱਚ 23 ਜੂਨ ਨੂੰ ਸਥਾਨਕ ਛੁੱਟੀ ਘੋਸ਼ਿਤ ਕੀਤੀ ਹੈ।

ਇਹ ਜਾਣਕਾਰੀ ਦਿੰਦਿਆਂ ਰਿਟਰਨਿੰਗ ਅਫ਼ਸਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਸੰਗਰੂਰ ਜਤਿੰਦਰ ਜੋਰਵਾਲ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ ਜਿਸ ਦੇ ਅਨੁਸਾਰ ਜੇਕਰ ਕੋਈ ਸਰਕਾਰੀ ਅਧਿਕਾਰੀ ਜਾਂ ਕਰਮਚਾਰੀ ਜ਼ਿਲ੍ਹਾ ਸੰਗਰੂਰ, ਬਰਨਾਲਾ ਅਤੇ ਜ਼ਿਲ੍ਹਾ ਮਾਲੇਰਕੋਟਲਾ ਦੇ 105-ਮਾਲੇਰਕੋਟਲਾ ਵਿਧਾਨ ਸਭਾ ਹਲਕੇ ਦਾ ਵੋਟਰ ਹੈ ਅਤੇ ਪੰਜਾਬ ਰਾਜ ਦੇ ਸਰਕਾਰੀ ਦਫ਼ਤਰਾਂ, ਬੋਰਡਾਂ, ਕਾਰਪੋਰੇਸ਼ਨਾਂ ਅਤੇ ਸਰਕਾਰੀ ਵਿੱਦਿਅਕ ਅਦਾਰਿਆਂ ਵਿੱਚ ਕੰਮ ਕਰਦਾ ਹੈ ਤਾਂ ਵੋਟ ਪਾਉਣ ਲਈ ਆਪਣਾ ਵੋਟਰ ਕਾਰਡ ਪੇਸ਼ ਕਰਕੇ ਸਬੰਧਤ ਅਥਾਰਟੀ ਤੋਂ ਮਿਤੀ 23 ਜੂਨ, 2022 (ਵੀਰਵਾਰ) ਦੀ ਵਿਸੇਸ਼ ਛੁੱਟੀ ਲੈ ਸਕਦਾ ਹੈ ਇਹ ਛੁੱਟੀ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਛੁੱਟੀਆਂ ਦੇ ਖਾਤੇ ਵਿੱਚੋਂ ਨਹੀਂ ਕੱਟੀ ਜਾਵੇਗੀ। ਇਸ ਦੇ ਨਾਲ ਹੀ ਜ਼ਿਲ੍ਹਾ ਸੰਗਰੂਰ, ਜ਼ਿਲ੍ਹਾ ਬਰਨਾਲਾ ਅਤੇ ਜ਼ਿਲ੍ਹਾ ਮਾਲੇਰਕੋਟਲਾ ਦੇ 105-ਮਾਲੇਰਕੋਟਲਾ ਵਿਧਾਨ ਸਭਾ ਹਲਕੇ ਵਿਚ ਲੋਕ ਪ੍ਰਤੀਨਿਧਤਾ ਐਕਟ, 1951 ਦੀ ਧਾਰਾ 135-ਬੀ ਦੀ ਉਪ ਧਾਰਾ 1 ਦੀ ਪ੍ਰੋਵੀਜਨ ਅਨੁਸਾਰ ਮਿਤੀ 23 ਜੂਨ, 2022 (ਵੀਰਵਾਰ) ਦੀ ਪੇਡ ਛੁੱਟੀ (ਕਿਸੇ ਕਾਰੋਬਾਰ, ਵਪਾਰ, ਉਦਯੋਗਿਕ ਇਕਾਈ ਜਾਂ ਕਿਸੇ ਹੋਰ ਅਦਾਰੇ ਵਿੱਚ ਕੰਮ ਕਰਨ ਵਾਲੇ ਸਾਰੇ ਵਿਅਕਤੀਆਂ ਦੇ ਸਬੰਧ ਵਿੱਚ) ਘੋਸ਼ਿਤ ਕੀਤੀ ਗਈ ਹੈ।

# ਜ਼ਿਲ੍ਹਾ ਕਚਿਹਰੀਆਂ ਜਲੰਧਰ ਵਿਖੇ ਮਨਾਇਆ ਕੌਮਾਂਤਰੀ ਯੋਗ ਦਿਵਸ



**ਜਲੰਧਰ/ਲੋਕ ਬਾਣੀ**

ਮਾਣਯੋਗ ਸੁਪਰੀਮ ਕੋਰਟ ਆਫ਼ ਇੰਡੀਆ 'ਤੇ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੀਆਂ ਹਦਾਇਤਾਂ ਮੁਤਾਬਕ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਰੁਪਿੰਦਰਜੀਤ ਚਹਿਲ ਦੇ ਨਿਰਦੇਸ਼ਾਂ ਤਹਿਤ ਅੱਜ ਜ਼ਿਲ੍ਹਾ ਕਚਿਹਰੀਆਂ ਜਲੰਧਰ ਵਿਖੇ ਕੌਮਾਂਤਰੀ ਯੋਗ ਦਿਵਸ ਮਨਾਇਆ ਗਿਆ। ਇਸ ਮੌਕੇ ਰਜਨੀਸ਼ ਗਰਗ ਇੰਚਾਰਜ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਜਲੰਧਰ, ਰਾਣਾ ਕੰਵਰਦੀਪ ਕੌਰ ਵਧੀਕ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਜਲੰਧਰ ਤੇ ਡਾ. ਗਗਨਦੀਪ ਕੌਰ ਸੀਜੇਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਦੀ ਯੋਗ ਰਹਿਨੁਮਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਜਲੰਧਰ ਦੇ ਸਹਿਯੋਗ ਨਾਲ ਜ਼ਿਲ੍ਹਾ ਕਚਿਹਰੀਆਂ ਜਲੰਧਰ ਵਿਖੇ ਯੋਗ ਕੈਂਪ ਲਗਾਇਆ ਗਿਆ। ਰਾਣਾ ਕੰਵਰਦੀਪ ਕੌਰ ਵਧੀਕ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ, ਅਮਨਦੀਪ ਸਿੰਘ ਘੁੰਮਣ ਅਤੇ ਕਰਨਵੀਰ ਸਿੰਘ ਮਾਜੂ (ਜੁਡੀਸ਼ੀਅਲ ਮੈਜਿਸਟ੍ਰੇਟ ਫਸਟ ਕਲਾਸ) ਵੱਲੋਂ ਯੋਗ ਕੈਂਪ ਵਿੱਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਗਈ ਇਸ ਤੋਂ ਇਲਾਵਾ ਵਕੀਲ ਅਤੇ ਜ਼ਿਲ੍ਹਾ ਕਚਿਹਰੀਆਂ ਦੇ ਸਟਾਫ਼ ਨੇ ਵੀ ਕੈਂਪ ਵਿੱਚ ਸ਼ਾਮਲ ਹੋ ਕੇ ਵੱਖ-ਵੱਖ ਯੋਗ ਆਸਣਾਂ ਅਤੇ ਯੋਗ ਕਿਰਿਆਵਾਂ ਸੰਬੰਧੀ ਜਾਣਕਾਰੀ ਹਾਸਲ ਕੀਤੀ।

# ਸਿਹਤ ਮੰਤਰੀ ਦੀ ਹਾਲਤ ਵਿਗੜੀ, ਹਸਪਤਾਲ ਦਾਖ਼ਲ

**ਨਵੀਂ ਦਿੱਲੀ/ਲੋਕ ਬਾਣੀ**

ਮਨੀ ਲਾਂਡਰਿੰਗ ਦੇ ਇੱਕ ਕਥਿਤ ਮਾਮਲੇ ਵਿੱਚ ਈਡੀ ਦੁਆਰਾ ਗ੍ਰਿਫਤਾਰ ਕੀਤੇ ਗਏ ਦਿੱਲੀ ਦੇ ਮੰਤਰੀ ਸਤੇਂਦਰ ਜੈਨ ਨੂੰ ਸੋਮਵਾਰ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਇਹ ਜਾਣਕਾਰੀ ਸੂਤਰਾਂ ਨੇ ©4"੭ ਨੂੰ ਦਿੱਤੀ ਹੈ ਸੂਤਰਾਂ ਨੇ ਦੱਸਿਆ ਕਿ ਆਕਸੀਜਨ ਦਾ ਪੱਧਰ ਘੱਟ ਹੋਣ ਤੋਂ ਬਾਅਦ ਉਸ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਉਸਨੂੰ ਲੋਕ ਨਾਇਕ ਜੈ ਪ੍ਰਕਾਸ਼ ਨਰਾਇਣ (ਐਲਐਨਜੇਪੀ) ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ, ਜਿੱਥੇ ਉਸਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ॥

# ਮੌਸਮ ਵਿਭਾਗ ਵੱਲੋਂ ਪੰਜਾਬ 'ਚ ਭਾਰੀ ਮੀਂਹ ਪੈਣ ਬਾਰੇ ਅਲਰਟ ਜਾਰੀ

**ਚੰਡੀਗੜ੍ਹ/ਲੋਕ ਬਾਣੀ**

ਮੌਸਮ ਵਿਭਾਗ ਨੇ ਪੰਜਾਬ ਤੇ ਹਰਿਆਣਾ ਨੂੰ ਪੀਲੀ ਸ਼੍ਰੇਣੀ ਵਿੱਚ ਰੱਖਿਆ ਹੈ ਵਿਭਾਗ ਨੇ ਅੱਜ ਤੋਂ 5 ਦਿਨਾਂ ਲਈ ਪੰਜਾਬ ਵਿੱਚ ਭਾਰੀ ਮੀਂਹ ਪੈਣ ਦੀ ਸੰਭਾਵਨਾ ਜਤਾਈ ਹੈ ਮੌਸਮ ਵਿਭਾਗ ਨੇ ਪ੍ਰੀ ਮਾਨਸੂਨ ਕਾਰਨ ਮੰਗਲਵਾਰ ਨੂੰ ਪੰਜਾਬ ਦੇ ਜ਼ਿਆਦਾਤਰ ਸ਼ਹਿਰਾਂ ਨੂੰ ਪੀਲੀ ਸ਼੍ਰੇਣੀ ਵਿੱਚ ਰੱਖਿਆ ਹੈ। ਇਸ ਕਾਰਨ ਹਫਤਾ ਭਰ ਬੱਦਲ ਛਾਏ ਰਹਿਣਗੇ ਅਤੇ ਮੀਂਹ ਪੈਣ ਦੀ ਸੰਭਾਵਨਾ ਹੈ ਦਿਨ ਭਰ ਮੌਸਮ ਸੁਹਾਵਣਾ ਰਹੇਗਾ। ਮਾਨਸੂਨ ਵੀ ਜਲਦ ਹੀ ਪੰਜਾਬ 'ਚ ਦਸਤਕ ਦੇਣ ਵਾਲਾ ਹੈ ਪੰਜਾਬ ਵਿੱਚ 25 ਜੂਨ ਤੋਂ 5 ਜੁਲਾਈ ਤੱਕ ਮਾਨਸੂਨ ਸਰਗਰਮ ਹੋ ਜਾਵੇਗਾ।

# ਸੀ.ਐਮ ਖੱਟਰ ਦਾ ਵੱਡਾ ਬਿਆਨ; ਫ਼ੌਜ 'ਚ 4 ਸਾਲ ਦੀ ਸੇਵਾ ਕਰਨ ਤੋਂ ਬਾਅਦ ਵਾਪਸ ਆਉਣ ਵਾਲੇ ਅਗਨੀਵੀਰਾਂ ਨੂੰ ਦੇਵਾਂਗੇ ਸਰਕਾਰੀ ਨੌਕਰੀ

**ਚੰਡੀਗੜ੍ਹ/ਲੋਕ ਬਾਣੀ:-** ਅੱਜ ਯੋਗ ਦਿਵਸ ਮੌਕੇ ਆਪਣੇ ਸੰਬੋਧਨ ਦੌਰਾਨ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ, ਫ਼ੌਜ ਵਿਚ 4 ਸਾਲ ਦੀ ਸੇਵਾ ਕਰਨ ਤੋਂ ਬਾਅਦ ਵਾਪਸ ਆਉਣ ਵਾਲੇ 75% ਅਗਨਵੀਰ ਜੋ ਹਰਿਆਣਾ ਸਰਕਾਰ ਦੀ ਨੌਕਰੀ ਪਾਉਣਾ ਚਾਹੁਣਗੇ, ਹਰਿਆਣਾ ਸਰਕਾਰ ਉਨ੍ਹਾਂ ਨੂੰ ਗਾਰੰਟੀ ਸ਼ੁਦਾ ਨੌਕਰੀ ਦੇਵੇਗੀ।ਉਹ ਗਰੁੱਪ-ਸੀ ਦੀਆਂ ਨੌਕਰੀਆਂ ਵਿਚ ਕਿਸੇ ਵੀ ਕਾਡਰ 'ਚ ਸ਼ਾਮਿਲ ਹੋ ਸਕਦੇ ਹਨ। ਨਹੀਂ ਤਾਂ ਸਾਡੇ ਕੋਲ ਪੁਲਿਸ 'ਚ ਨੌਕਰੀਆਂ ਹਨ, ਜੋ ਉਨ੍ਹਾਂ ਨੂੰ ਦਿੱਤੀਆਂ ਜਾਣਗੀਆਂ।

# ਅਗਨੀਪਥ ਯੋਜਨਾ 'ਤੇ ਫਰਜ਼ੀ ਪੱਤਰ ਵਾਇਰਲ: ਸਰਕਾਰ ਨੇ ਕਿਹਾ- ਯੋਜਨਾ 'ਚ ਕੋਈ ਬਦਲਾਅ ਨਹੀਂ, ਗਲਤ ਜਾਣਕਾਰੀ ਫੈਲਾਉਣ ਲਈ CE Whatsapp ਗਰੁੱਪਾਂ 'ਤੇ ਪਾਬੰਦੀ, ਵਟਸਐਪ ਗਰੁੱਪ ਦੇ 10 Admin ਗ੍ਰਿਫਤਾਰ

**ਨਵੀਂ ਦਿੱਲੀ/ਲੋਕ ਬਾਣੀ:-** ਦੇਸ਼ ਵਿੱਚ ਅਗਨੀਪਥ ਵਿਵਾਦ ਦੇ ਵਿਚਕਾਰ, ਰੱਖਿਆ ਮੰਤਰਾਲੇ ਦਾ ਇੱਕ ਪੱਤਰ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ, ਜਿਸ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਜਿਹੜੇ ਉਮੀਦਵਾਰ 2019 ਵਿੱਚ ਭਰਤੀ ਹੋਏ ਸਨ ਅਤੇ ਸੈਨਿਕ ਨਾਇਕ ਦੇ ਅਹੁਦੇ ਤੱਕ ਨਹੀਂ ਪਹੁੰਚ ਸਕੇ ਸਨ, ਉਹ ਇਸ ਦੇ ਘੇਰੇ ਵਿੱਚ ਆਉਣਗੇ।

ਅਗਨੀਪਥ ਸਕੀਮ ਕੇਂਦਰ ਸਰਕਾਰ ਨੇ ਸੋਮਵਾਰ ਨੂੰ ਸਪੱਸ਼ਟ ਕੀਤਾ ਕਿ ਰੱਖਿਆ ਮੰਤਰਾਲੇ ਦੇ ਨਾਂ 'ਤੇ ਪ੍ਰਸਾਰਿਤ ਕੀਤੀ ਗਈ ਚਿੱਠੀ ਫਰਜ਼ੀ (61™5) ਹੈ ਸਕੀਮ ਵਿੱਚ ਕੋਈ ਸੋਧ ਨਹੀਂ ਕੀਤੀ ਗਈ ਹੈ।

ਕੇਂਦਰ ਸਰਕਾਰ ਨੇ ਐਤਵਾਰ ਨੂੰ ਅਗਨੀਪਥ ਯੋਜਨਾ 'ਤੇ ਫੈਲਾਈਆਂ ਜਾ ਰਹੀਆਂ ਫਰਜ਼ੀ ਖਬਰਾਂ ਲਈ 35 ਵਟਸਐਪ ਗਰੁੱਪਾਂ 'ਤੇ ਪਾਬੰਦੀ ਲਗਾ ਦਿੱਤੀ ਹੈ ਇਸ ਮਾਮਲੇ 'ਚ 10 ਲੋਕਾਂ ਨੂੰ ਗ੍ਰਿਫਤਾਰ ਵੀ ਕੀਤਾ ਗਿਆ ਹੈ ਇਹ ਸਾਰੇ ਵਟਸਐਪ ਗਰੁੱਪ ਦੇ ਪ੍ਰਬੰਧਕ (Admin) ਦੱਸੇ ਜਾਂਦੇ ਹਨ।

# ਕੌਮਾਂਤਰੀ ਯੋਗ ਦਿਵਸ - 2022 : ਯੋਗ ਰਾਹੀਂ ਰੋਗ ਭਜਾਉਣ ਦਾ ਸੱਦਾ

## ਬਟਾਲਾ ਦੀ ਹਜ਼ੀਰਾ ਪਾਰਕ ਵਿੱਚ ਉਤਸ਼ਾਹ ਨਾਲ ਮਨਾਇਆ ਗਿਆ ਕੌਮਾਂਤਰੀ ਯੋਗ ਦਿਵਸ



**ਬਟਾਲਾ/ਸੁਖਨਾਮ ਸਿੰਘ**

ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਬਟਾਲਾ ਦੀ ਪ੍ਰਸਿੱਧ ਹਜ਼ੀਰਾ ਪਾਰਕ ਵਿੱਚ ਅੱਜ 8ਵਾਂ ਕੌਮਾਂਤਰੀ ਯੋਗ ਦਿਵਸ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ ਕੌਮਾਂਤਰੀ ਯੋਗ ਦਿਵਸ ਸਬੰਧੀ ਅੱਜ ਸਵੇਰੇ 6 ਵਜੇ ਲਗਾਏ ਵਿਸ਼ੇਸ਼ ਯੋਗਾ ਕੈਂਪ ਵਿੱਚ ਵੱਡੀ ਗਿਣਤੀ 'ਚ ਬਟਾਲਾ ਸ਼ਹਿਰ ਦੇ ਨਿਵਾਸੀ ਸ਼ਾਮਲ ਹੋਏ ਜਦਕਿ ਐੱਸ.ਡੀ.ਐੱਮ. ਬਟਾਲਾ ਸ੍ਰੀਮਤੀ ਸ਼ਾਇਰੀ ਭੰਡਾਰੀ ਅਤੇ ਤਹਿਸੀਲਦਾਰ ਲਖਵਿੰਦਰ ਸਿੰਘ ਨੇ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ ।

ਸਰਕਾਰੀ ਆਯੂਰਵੈਦਿਕ ਡਾਕਟਰ ਅਮਿਤ ਵਰਮਾ ਅਤੇ ਡਾ. ਅੰਕੁਰ ਲੇਖੀ ਵੱਲੋਂ ਕੈਂਪ ਵਿੱਚ ਹਾਜ਼ਰ ਵਿਅਕਤੀਆਂ ਨੂੰ ਯੋਗ ਦੀ ਮਹੱਤਤਾ ਬਾਰੇ ਵਿਸਥਾਰ ਵਿੱਚ ਦੱਸਿਆ ਗਿਆ ਯੋਗਾ ਮਾਹਿਰ ਡਾ. ਮੰਜੂ ਵੱਲੋਂ ਯੋਗਾ ਦੇ ਵੱਖ-ਵੱਖ ਆਸਣਾਂ ਬਾਰੇ ਜਾਣਕਾਰੀ ਦੇਣ ਦੇ ਨਾਲ ਹਾਜ਼ਰੀਨ ਨੂੰ ਯੋਗ ਦੇ ਆਸਣ ਕਰਵਾਏ ਗਏ।

ਕੌਮਾਂਤਰੀ ਯੋਗ ਦਿਵਸ ਦੀ ਮਹੱਤਤਾ ਦੱਸਦਿਆਂ ਐੱਸ.ਡੀ.ਐੱਮ. ਬਟਾਲਾ ਸ੍ਰੀਮਤੀ ਸ਼ਾਇਰੀ ਭੰਡਾਰੀ ਨੇ ਕਿਹਾ ਕਿ ਯੋਗਾ ਸਾਡੀ ਪ੍ਰਾਚੀਨ ਪਰੰਪਰਾ ਤੋਂ ਪ੍ਰਾਪਤ ਅਨਮੋਲ ਤੋਹਫ਼ਾ ਹੈ ਉਨ੍ਹਾਂ ਕਿਹਾ ਕਿ ਯੋਗ ਮਨ ਅਤੇ ਸਰੀਰ, ਸੰਜਮ ਤੇ ਪੂਰਤੀ, ਵਿਅਕਤੀ ਅਤੇ ਕੁਦਰਤ ਵਿਚਲੇ ਸੁਮੇਲ, ਵਿਚਾਰ ਅਤੇ ਕਾਰਜ ਦੀ ਏਕਤਾ ਦਾ ਪ੍ਰਗਟਾਵਾ ਕਰਦਾ ਹੈ, ਜੋ ਕਿ ਸੰਪੂਰਨ ਪਹੁੰਚ ਅਨੁਸਾਰ ਸਾਡੀ ਸਿਹਤ ਅਤੇ ਭਲਾਈ ਲਈ ਕੀਮਤੀ ਹੈ ਉਨ੍ਹਾਂ ਕਿਹਾ ਕਿ ਯੋਗਾ ਕੇਵਲ ਅਭਿਆਸ ਨਹੀਂ, ਸਗੋਂ ਇਹ ਆਪਣੇ-ਆਪ ਵਿਚ ਸੰਸਾਰ, ਆਤਮ ਭਾਲ ਦੀ ਭਾਵਨਾ ਨੂੰ ਖੋਜਣ ਦਾ ਇੱਕ ਬੇਹਤਰੀਨ ਤਰੀਕਾ ਹੈ ਉਨ੍ਹਾਂ ਕਿਹਾ ਕਿ ਅਸੀਂ ਆਪਣੇ ਰੋਜ਼ਾਨਾਂ ਜੀਵਨ ਵਿੱਚ ਯੋਗਾ ਨੂੰ ਸ਼ਾਮਲ ਕਰਕੇ ਤੰਦਰੁਸਤ ਜੀਵਨ ਬਸਰ ਕਰ ਸਕਦੇ ਹਾਂ।

ਇਸ ਮੌਕੇ ਉਨ੍ਹਾਂ ਬਟਾਲਾ ਸ਼ਹਿਰ ਨਿਵਾਸੀਆਂ ਨੂੰ ਸ਼ਹਿਰ ਦੀ ਸਫ਼ਾਈ ਵਿਵਸਥਾ ਦੇ ਸੁਧਾਰ ਵਿੱਚ ਸਹਿਯੋਗ ਕਰਨ ਦੀ ਅਪੀਲ ਵੀ ਕੀਤੀ ਉਨ੍ਹਾਂ ਦੱਸਿਆ ਕਿ ਨਗਰ ਨਿਗਮ ਬਟਾਲਾ ਵੱਲੋਂ 'ਮੇਰਾ ਕੂੜਾ, ਮੇਰੀ ਜ਼ਿੰਮੇਵਾਰੀ' ਮੁਹਿੰਮ ਚਲਾਈ ਜਾ ਰਹੀ ਹੈ ਅਤੇ ਇਸ ਮੁਹਿੰਮ ਵਿੱਚ ਹਰ ਸ਼ਹਿਰੀ ਨੂੰ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।

ਇਸ ਯੋਗ ਕੈਂਪ ਵਿੱਚ ਦ੍ਰਿਸ਼ਟੀ ਵੈਲਫੇਅਰ ਐਸੋਸੀਏਸ਼ਨ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ ਇਸ ਮੌਕੇ ਦ੍ਰਿਸ਼ਟੀ ਵੈਲਫੇਅਰ ਐਸੋਸੀਏਸ਼ਨ ਦੇ ਚੇਅਰਮੈਨ ਸਤੀਸ਼ ਅਗਰਵਾਲ ਅਤੇ ਪ੍ਰਧਾਨ ਰਮਨ ਗੁਪਤਾ ਨੇ ਵੀ ਕੌਮਾਂਤਰੀ ਯੋਗ ਦਿਵਸ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ ਇਸ ਮੌਕੇ ਹੋਰਨਾਂ ਤੋਂ ਇਲਾਵਾ ਦ੍ਰਿਸ਼ਟੀ ਵੈਲਫੇਅਰ ਐਸੋਸੀਏਸ਼ਨ ਦੇ ਸੀਨੀਅਰ ਵਾਈਸ ਪ੍ਰਧਾਨ ਟਿੰਕੂ, ਜਨਰਲ ਸਕੱਤਰ ਰਮਨ ਸੈਣੀ, ਵਾਈਸ ਪ੍ਰਧਾਨ ਵਿਕਰਮ ਚੌਹਾਨ, ਮਾਸਟਰ ਜੋਗਿੰਦਰ ਸਿੰਘ ਅੱਚਲੀ ਗੇਟ, ਯਸਪਾਲ ਚੌਹਾ, ਸਾਬਕਾ ਚੇਅਰਮੈਨ ਕਸਤੂਰੀ ਲਾਲ ਸੇਠ, ਰਮੇਸ਼ ਵਰਮਾਂ, ਮਿਸਜ ਚੱਢਾ ਸਮੇਤ ਹੋਰ ਮੋਹਤਬਰ ਵੀ ਹਾਜ਼ਰ ਸਨ॥

## ਸੋਸ਼ਲ ਮੀਡਿਆ ਉੱਤੇ ਰਾਜਮਾਂ ਵਿੱਚੋਂ ਨਿਕਲੀ ਕਿਰਲੀ ਦੀ ਹੋਈ ਵੀਡੀਓ ਵਾਇਰਲ ਤੋਂ ਬਾਅਦ ਸਿਹਤ ਵਿਭਾਗ ਨੇ ਮਾਰਿਆ ਅਚਨਚੇਤ ਛਾਪਾ ਅਤੇ ਲਏ ਢਾਬੇ ਤੋਂ ਸੈਂਪਲ

**ਬਟਾਲਾ/ਲੋਕ ਬਾਣੀ**

ਸਿਹਤ ਮੰਤਰੀ ਪੰਜਾਬ ਦੀਆਂ ਹਦਾਇਤਾਂ ਮੁਤਾਬਕ ਹੁਣ ਸਿਹਤ ਵਿਭਾਗ ਦੇ ਅਧਿਕਾਰੀਆਂ ਵਲੋਂ ਲਾਗਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ ਅਤੇ ਦੁਕਾਨਾਂ ਵਾਲਿਆਂ ਨੂੰ ਵੀ ਸੁਚੇਤ ਕੀਤਾ ਜਾ ਰਿਹਾ ਹੈ । ਮਾਮਲਾ ਬਟਾਲਾ ਤੋਂ ਸਾਮਣੇ ਆਇਆ ਜਿਥੇ ਅੱਜ ਸਿਹਤ ਵਿਭਾਗ ਦੇ ਅਧਿਕਾਰੀਆਂ ਨੇ ਅਚਨਚੇਤ ਸ਼ਾਪਾ ਮਾਰਿਆ ਅਤੇ ਬਟਾਲੇ ਦੇ ਮਸ਼ਹੂਰ ਢਾਬੇ ਨਿਊ ਸਰਦਾਰੀ ਲਾਲ ਢਾਬੇ ਦੇ ਨਾਲ ਨਾਲ ਫਾਸਟ ਫ਼ੂਡ ਮਾਰਕੀਟ ਕ੍ਰਿਸ਼ਨਾ ਚੋਪਾਟੀ ਤੋਂ ਸੈਂਪਲ ਭਰੇ ਅਤੇ ਜਾਂਚ ਲਈ ਖਰੜ ਭੇਜੇ ਜਾਂ ਲਈ ਕਿਹਾ ਗਿਆ ।ਇੱਥੇ ਦੱਸਣ ਜੋਗ ਹੈ ਕਿ ਬੀਤੇ ਕੁਝ ਦਿਨ ਪਹਿਲਾ ਸੋਸ਼ਲ ਮੀਡੀਆ ਉੱਤੇ ਨਿਊ ਸਰਦਾਰੀ ਲਾਲ ਢਾਬੇ ਦੀ ਇਕ ਵੀਡੀਓ ਵੀ ਵਾਇਰਲ ਹੋਈ ਸੀ ਜਿਸ ਵਿੱਚ ਰਾਜਮਾਂ ਵਿੱਚੋ ਛਿਪਕਲੀ ਨਿਕਲੀ ਸੀ ਜਿਸਨੂੰ ਦੇਖਦੇ ਹੋਏ ਹੀ ਇਸ ਢਾਬੇ ਦੇ ਸੈਂਪਲ ਲਏ ਗਏ । ਢਾਬਾ ਮਾਲਿਕ ਨੇ ਕਿਹਾ ਸਾਡੇ ਢਾਬੇ ਦੇ ਸੈਂਪਲ ਭਰੇ ਗਏ ਹਨ ਅਤੇ ਸਾਡੇ ਢਾਬੇ ਉੱਤੇ ਸਫਾਈ ਦਾ ਖਾਸ ਧਿਆਨ ਰੱਖਿਆ ਜਾਂਦਾ ਹੈ ਦੂਜੇ ਪਾਸੇ ਸੋਸ਼ਲ ਮੀਡਿਆ ਉੱਤੇ ਵਾਇਰਲ ਵੀਡੀਓ ਬਾਰੇ ਕਿਹਾ ਉਹ ਸਾਡੇ ਢਾਬੇ ਦੀ ਵੀਡੀਓ ਨਹੀਂ ਹੈ ਉਸ ਦਿਨ ਹੋਰ ਵੀ ਗ੍ਰਾਹਕਾਂ ਨੇ ਰਾਜਮਾਂ ਖੜੇ ਸੀ ਕਿਸੇ ਦਾ ਫੋਨ ਨਹੀਂ ਆਇਆ । ਜਾਣਕਾਰੀ ਦਿੰਦਿਆਂ ਡਾਕਟਰ ਪੰਨੂ ਨੇ ਕਿਹਾ ਕਿ ਅਸੀਂ ਵੀ ਉਹ ਵੀਡੀਓ ਦੇਖੀ ਸੀ ਜੋ ਤੇਜੀ ਨਾਲ ਸੋਸ਼ਲ ਮੀਡਿਆ ਉੱਤੇ ਵਾਇਰਲ ਹੋ ਰਹੀ ਸੀ ।ਉਹਨਾਂ ਕਿਹਾ ਢਾਬੇ ਅਤੇ ਉਸਦੇ ਨਾਲ ਲੱਗਦੀ ਫਾਸਟ ਫ਼ੂਡ ਮਾਰਕੀਟ ਕ੍ਰਿਸ਼ਨਾ ਚੋਪਾਟੀ ਤੋਂ ਸੈਂਪਲ ਲਏ ਗਏ ਹਨ ਜਿਸਨੂੰ ਜਾਂਚ ਲਈ ਖਰੜ ਭੇਜਿਆ ਜਾਵੇਗਾ ਅਤੇ ਜਾਂਚ ਤੋਂ ਬਾਅਦ ਹੀ ਪਤਾ ਲਗੇਗਾ ਕਿ ਕਿਸ ਤਰਾਂ ਦਾ ਸਾਮਾਨ ਇਹਨਾਂ ਵਲੋਂ ਲੋਕਾਂ ਨੂੰ ਦਿੱਤਾ ਜਾ ਰਿਹਾ ਹੈ ।

# ਯੂਥ ਅਕਾਲੀ ਆਗੂ ਜੱਸੀ ਖੇੜੀ ਦੇ ਘਰ ਪਹੁੰਚੇ ਸੁਖਬੀਰ ਬਾਦਲ



**ਸ਼ੇਰਪੁਰ/ਯਾਦਵਿੰਦਰ ਸਿੰਘ ਮਾਹੀ**

ਲੋਕ ਸਭਾ ਹਲਕਾ ਸੰਗਰੂਰ ਦੀ ਚੋਣ ਨੂੰ ਲੈ ਕੇ ਚੋਣ ਪ੍ਰਚਾਰ ਦੇ ਅੱਜ ਆਖ਼ਰੀ ਦਿਨ ਹਲਕਾ ਮਹਿਲ ਕਲਾਂ ਦੇ ਵੱਖ ਵੱਖ ਪਿੰਡਾਂ ਵਿੱਚ ਸੁਖਬੀਰ ਬਾਦਲ ਦਾ ਤੂਫਾਨੀ ਦੌਰਾ ਸੀ ਇਸ ਲੜੀ ਦੇ ਤਹਿਤ ਅੱਜ ਪਿੰਡ ਖੇੜੀ ਕਲਾਂ ਦੇ ਯੂਥ ਆਗੂ ਜਸਪ੍ਰੀਤ ਸਿੰਘ ਜੱਸੀ ਖੇੜੀ ਦੇ ਘਰ ਸੁਖਬੀਰ ਬਾਦਲ ਸਾਬਕਾ ਡਿਪਟੀ ਮੁੱਖ ਮੰਤਰੀ ਮੈਂਬਰ ਪਾਰਲੀਮੈਂਟ ਵਿਸ਼ੇਸ਼ ਤੌਰ ਤੇ ਪਹੁੰਚੇ , ਇਸ ਮੌਕੇ ਤੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਲੋਕ ਸਭਾ ਸੰਗਰੂਰ ਦੀ ਜ਼ਿਮਨੀ ਚੋਣ ਜਿੱਤਣ ਲਈ ਯੂਥ ਵਿੰਗ ਅਹਿਮ ਭੂਮਿਕਾ ਨਿਭਾਵੇਗਾ,ਉਨ੍ਹਾਂ ਸਮੁੱਚੇ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਸਮਰਥਕਾਂ ਨੂੰ ਸੰਗਰੂਰ ਦੀ ਲੋਕ ਸਭਾ ਸੀਟ ਜਿੱਤਣ ਲਈ ਇਮਾਨਦਾਰੀ ਨਾਲ ਕੰਮ ਕਰਨ ਲਈ ਕਿਹਾ ਤਾਂ ਕਿ ਭੈਣ ਕਮਲਦੀਪ ਕੌਰ ਨੂੰ ਜਿਤਾ ਕੇ ਲੋਕ ਸਭਾ ਵਿੱਚ ਭੇਜਿਆ ਜਾ ਸਕੇ , ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਬਾਰੇ ਬੋਲਦਿਆਂ,ਉਨ੍ਹਾਂ ਕਿਹਾ ਕਿ ਭਗਵੰਤ ਮਾਨ ਹੁਣ ਇਕ ਸਟਿਪਣੀ ਬਣਕੇ ਰਹਿ ਗਿਆ ਹੈ ਕੇਜਰੀਵਾਲ ਹੁਣ ਜਿਵੇਂ ਉਸ ਨੂੰ ਚਾਹੇਗਾ ਉਸ ਤਰ੍ਹਾਂ ਹੀ ਵਰਤੇਗਾ ਉਨ੍ਹਾਂ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਤਿੰਨ ਮਹੀਨਿਆਂ ਵਿੱਚ ਹੀ ਫਲਾਪ ਬਣਕੇ ਰਹਿ ਗਈ ਹੈ ਅਤੇ ਪੰਜਾਬ ਦੇ ਲੋਕ ਹੁਣ ਇਸ ਤੋਂ ਅੱਕ ਚੁੱਕੇ ਹਨ ਇਸ ਮੌਕੇ ਤੇ ਉਨ੍ਹਾਂ ਦੇ ਨਾਲ ਸਤਿੰਦਰਜੀਤ ਸਿੰਘ ਮੰਟਾ ਓਐੱਸਡੀ ਬਾਦਲ ,ਬੇਅੰਤ ਕੌਰ ਖਹਿਰਾ ਪ੍ਰਧਾਨ ਇਸਤਰੀ ਅਕਾਲੀ ਦਲ ਬਰਨਾਲਾ, ਸਾਬਕਾ ਵਿਧਾਇਕ ਹਰਪ੍ਰੀਤ ਸਿੰਘ ਕੋਟਭਾਈ,ਜਸਵਿੰਦਰ ਸਿੰਘ ਲੱਧੜ ਪੀਏ ਬਾਬਾ ਘੁੰਨਸ ,ਸਰਪੰਚ ਮਲਕੀਤ ਸਿੰਘ ਖੇਡ?ੀ ,ਸਾਬਕਾ ਬਲਾਕ ਸੰਮਤੀ ਮੈਂਬਰ ਸਵਿੰਦਰਪਾਲ ਸਿੰਘ ਰਾਜੂ, ਯੂਥ ਅਕਾਲੀ ਆਗੂ ਰਾਜੂ ਸਰਪੰਚ ਰੰਗੀਆਂ, ਮਾਸਟਰ ਰਣ ਸਿੰਘ, ਮਾਸਟਰ ਰਘਵੀਰ ਸਿੰਘ, ਮਲਕੀਤ ਸਿੰਘ ਚਹਿਲ ,ਮਿਲਣਜੋਤ ਸਿੰਘ ਪੰਧੇਰ , ਯੂਥ ਅਕਾਲੀ ਆਗੂ ਜਸਪਾਲ ਸਿੰਘ ਬੀਰੀ ,ਜੱਸੀ ਬਾਜਵਾ, ਕਿਸਾਨ ਆਗੂ ਦਲਜੀਤ ਸਿੰਘ ਕਾਲਾ ਆਦਿ ਆਗੂ ਹਾਜ਼ਰ ਸਨ

# 23 ਵੇਂ ਸਲਾਨਾ ਟਰੇਨਿੰਗ ਕੈਂਪ ਵਿਖੇ ਗਰੁੱਪ ਕਮਾਂਡਰ ਬ੍ਰਿਗੇਡੀਅਰ ਰੋਹਿਤ ਕੁਮਾਰ ਪੁੱਜੇ



**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਸੇਂਟ ਸੋਲਜਰ ਇਲਾਇਟ ਕੌਨਵੈਂਟ ਸਕੂਲ, ਜੰਡਿਆਲਾ ਗੁਰੂ ਵਿੱਚ ਚੱਲ ਰਹੇ ਅੰਮ੍ਰਿਤਸਰ, ਗੁਰਦਾਸਪੁਰ ਅਤੇ ਤਰਨ ਤਾਰਨ ਦੇ 477 ਲੜਕੇ ਅਤੇ ਲੜਕੀਆਂ ਦੇ 10 ਰੋਜ਼ਾ ਟ੍ਰੇਨਿੰਗ ਕੈਂਪ ਵਿੱਚ ਅੱਜ ਬ੍ਰਿਗੇਡੀਅਰ ਰੋਹਿਤ ਕੁਮਾਰ, ਸੇਵਾ ਮੈਡਲ, ਵਿਸ਼ੇਸ਼ ਤੌਰ ਤੇ ਪੁੱਜੇ ਇਸ ਸਮੇਂ ਕੈਂਪ ਕਮਾਂਡਰ ਕਰਨਲ ਕਰਨੈਲ ਸਿੰਘ ਅਤੇ ਐਡਮਿਨ ਅਫਸਰ ਕਰਨਲ ਏ ਜਾਰਜ ਨੇ ਉਨ੍ਹਾਂ ਨੂੰ ਜੀ ਆਇਆਂ ਕਿਹਾ ਐਨਸੀਸੀ ਕੈਡਿਟਾਂ ਦੁਆਰਾ ਉਨ੍ਹਾਂ ਨੂੰ ਗੈਸਟ ਆਫ ਆਨਰ ਦਿੱਤਾ ਗਿਆ ਇਸ ਸਮੇਂ ਉਨ੍ਹਾਂ ਨੇ ਕੈਂਪ ਦੌਰਾਨ ਚੱਲ ਰਹੀਆਂ ਗਤੀਵਿਧੀਆਂ ਤੇ ਸੰਤੁਸ਼ਟੀ ਦਾ ਪ੍ਰਗਟਾਵਾ ਕਰਦਿਆਂ ਗਿਆਰਾਂ ਪੰਜਾਬ ਬਟਾਲੀਅਨ ਐਨ ਸੀ ਸੀ ਦੇ ਸਮੂਹ ਕੈਡਿਟਾਂ, ਐਨ ਸੀ ਸੀ ਅਫ਼ਸਰਾਂ ਅਤੇ ਪੀ ਆਈ ਸਟਾਫ ਨੂੰ ਸ਼ਾਬਾਸ਼ੀ ਦਿੱਤੀ ਉਹਨਾਂ ਨੇ ਕੈਡਿਟਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਚੰਗੇ ਨਾਗਰਿਕ ਬਣਨ ਦਾ ਸੰਦੇਸ਼ ਦਿੱਤਾ ਇਸ ਸਮੇਂ ਉਨ੍ਹਾਂ ਨੇ ਕੈਡਿਟਾਂ ਨਾਲ ਗੱਲਬਾਤ ਕਰਨ ਉਪਰੰਤ ਚਾਹ ਦਾ ਕੱਪ ਵੀ ਸਾਂਝਾ ਕੀਤਾ । ਇਸ ਸਮੇਂ ਸਕੂਲ ਦੇ ਐਮ ਡੀ ਸ੍ਰੀ ਮੰਗਲ ਸਿੰਘ ਕਿਸ਼ਨਪੁਰੀ ਵੱਲੋਂ ਦਿੱਤੇ ਜਾ ਰਹੇ ਸਹਿਯੋਗ ਲਈ ਧੰਨਵਾਦ ਕਰਦਿਆਂ ਕੈਂਪ ਕਮਾਂਡਰ ਨੇ 23 ਸਲਾਨਾ ਟਰੇਨਿੰਗ ਕੈਂਪ ਦੀ ਰਿਪੋਰਟ ਪੇਸ਼ ਕੀਤੀ ਜਿਸ ਉਪਰ ਗਰੁਪ ਕਮਾਂਡਰ ਸਾਹਿਬ ਨੇ ਸੰਤੁਸ਼ਟੀ ਪ੍ਰਗਟ ਕੀਤੀ। ਕੈਂਪ ਸਬੰਧੀ ਜਾਣਕਾਰੀ ਦਿੰਦੇ ਹੋਏ ਕੈਂਪ ਮੀਡੀਆ ਇੰਚਾਰਜ ਗੁਰਪ੍ਰੀਤ ਸਿੰਘ ਰਿਆੜ ਨੇ ਦੱਸਿਆ ਕਿ ਇਸ ਕੈਂਪ ਨੂੰ ਯੋਗ ਤਰੀਕੇ ਨਾਲ ਚਲਾਉਣ ਲਈ ਮੇਜਰ ਮਨਜੀਤ ਸਿੰਘ, ਸੂਬੇਦਾਰ ਮੇਜਰ ਕਮਲਜੀਤ ਸਿੰਘ ਤੋਂ ਇਲਾਵਾ ਸੁਪਰੀਟੈਂਡੈਂਟ ਸ੍ਰੀ ਵਿਨੇ ਕੁਮਾਰ, ਸ੍ਰੀ ਮਨਜਿੰਦਰ ਸਿੰਘ, ਮੁਨੀਸ਼ ਅਬਰੋਲ ,ਕਰਮਜੀਤ ਕੌਰ ਅਤੇ ਸਵਰਨ ਕਲਰਕ , ਸਿਵਿਲ ਸਟਾਫ਼, ਐੱਨ ਸੀ ਸੀ ਅਫਸਰ ਵਰਿੰਦਰਜੀਤ ਸਿੰਘ, ਗਗਨਦੀਪ ਸਿੰਘ, ਕਮਲਜੀਤ ਸਿੰਘ, ਬਲਜਿੰਦਰ ਸਿੰਘ, ਗੁਰਸੇਵਕ ਸਿੰਘ, ਅਮਨਪ੍ਰੀਤ ਸਿੰਘ ਅਤੇ ਮੈਡਮ ਗੌਰੀ ਗਾਂਧੀ ਕੈਂਪ ਦੇ ਪ੍ਰਬੰਧਾਂ ਦੀ ਦੇਖ-ਰੇਖ ਕਰ ਰਹੇ ਹਨ ਇਸ ਸਮੇਂ ਕੈਂਪ ਦੌਰਾਨ ਕੈਡਿਟਾਂ ਨੂੰ ਵੇਪਨ ਟਰੇਨਿੰਗ, ਡ੍ਰਿਲ ਅਤੇ ਹੋਰ ਸਿਖਲਾਈ ਦੇਣ ਲਈ ਸੂਬੇਦਾਰ ਹਰਜਾਬ ਸਿੰਘ, ਰਾਕੇਸ਼ ਕੁਮਾਰ, ਤਰਲੋਕ, ਹਵਲਦਾਰ ਸੰਜੀਵ ਕੁਮਾਰ, ਦਵਿੰਦਰਜੀਤ ਸਿੰਘ, ਪਰਵੀਨ, ਗੁਰਪਾਲ ਸਿੰਘ ਅਤੇ ਫੌਜ ਦੇ 15 ਜਵਾਨ ਦਿਨ ਰਾਤ ਸੇਵਾਵਾਂ ਨਿਭਾ ਰਹੇ ਹਨ।

# ਕਚਿਹਰੀ ਕੰਪਲੈਕਸ ਬਟਾਲਾ ਵਿੱਚ ਪੂਰੇ ਉਤਸ਼ਾਹ ਨਾਲ ਮਨਾਇਆ ਕੌਮਾਂਤਰੀ ਯੋਗ ਦਿਵਸ



**ਬਟਾਲਾ/ਸੁਖਨਾਮ ਸਿੰਘ**

ਅੱਜ 8ਵੇਂ ਕੌਮਾਂਤਰੀ ਯੋਗਾ ਦਿਵਸ ਮੌਕੇ ਆਯੁਰਵੈਦਿਕ ਅਤੇ ਯੂਨਾਨੀ ਵਿਭਾਗ ਦੇ ਸਹਿਯੋਗ ਨਾਲ ਤਹਿਸੀਲ ਕੰਪਲੈਕਸ ਬਟਾਲਾ ਵਿਖੇ ਵਿਸ਼ੇਸ਼ ਯੋਗਾ ਕੈਂਪ ਲਗਾਇਆ ਗਿਆ ਇਸ ਯੋਗਾ ਕੈਂਪ ਵਿੱਚ ਸ੍ਰੀ ਮਨਦੀਪ ਸਿੰਘ, ਜੇ.ਐੱਮ.ਆਈ.ਸੀ. ਬਟਾਲਾ, ਸ੍ਰੀ ਮਨਪ੍ਰੀਤ ਸਿੰਘ ਸੋਹੀ, ਜੇ.ਐੱਮ.ਆਈ.ਸੀ. ਬਟਾਲਾ ਤੋਂ ਇਲਾਵਾ ਆਯੂਰਵੈਦਿਕ ਵਿਭਾਗ ਦੇ ਡਾਕਟਰਾਂ, ਵਕੀਲ ਸਾਹਿਬਾਨ ਅਤੇ ਕਚਿਹਰੀ ਕੰਪਲੈਕਸ ਦੇ ਕਰਮਚਾਰੀਆਂ ਨੇ ਭਾਗ ਲਿਆ ਯੋਗ ਕੈਂਪ ਦੌਰਾਨ ਆਯੂਰਵੈਦਿਕ ਵਿਭਾਗ ਦੀ ਡਾਕਟਰ ਅਤੇ ਯੋਗਾ ਮਾਹਿਰ ਡਾ. ਨੀਲਮ ਨੇ ਯੋਗ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਅਤੇ ਨਾਲ ਹੀ ਯੋਗਾ ਦੇ ਵੱਖ-ਵੱਖ ਆਸਣ ਕਰਵਾਏ ਡਾ. ਨੀਲਮ ਨੇ ਕਿਹਾ ਕਿ ਸਾਨੂੰ ਤੰਦਰੁਸਤ ਰਹਿਣ ਲਈ ਵੱਧ ਤੋਂ ਵੱਧ ਯੋਗ ਨਾਲ ਜੁੜਨਾ ਚਾਹੀਦਾ ਹੈ।

ਇਸ ਮੌਕੇ ਸ੍ਰੀ ਮਨਦੀਪ ਸਿੰਘ, ਜੇ.ਐੱਮ.ਆਈ.ਸੀ. ਬਟਾਲਾ ਅਤੇ ਸ੍ਰੀ ਮਨਪ੍ਰੀਤ ਸਿੰਘ ਸੋਹੀ, ਜੇ.ਐੱਮ.ਆਈ.ਸੀ. ਬਟਾਲਾ ਨੇ ਕਿਹਾ ਕਿ ਸਾਨੂੰ ਯੋਗ ਨੂੰ ਆਪਣੇ ਜੀਵਨ ਦਾ ਅਹਿਮ ਹਿੱਸਾ ਬਣਾਉਣਾ ਚਾਹੀਦਾ ਹੈ, ਕਿਉਂਕਿ ਯੋਗ ਨਾਲ ਜਿੱਥੇ ਸਾਨੂੰ ਸਰੀਰਕ, ਮਾਨਸਿਕ ਅਤੇ ਅਧਿਆਤਮਕ ਤੰਦਰੁਸਤੀ ਮਿਲਦੀ ਹੈ, ਉੱਥੇ ਯੋਗ ਨਾਲ ਅਜੋਕੀ ਰੁਝੇਵੇਂ ਭਰੀ ਜ਼ਿੰਦਗੀ ਤੋਂ ਤਣਾਅ ਨੂੰ ਵੀ ਦੂਰ ਕੀਤਾ ਜਾ ਸਕਦਾ ਹੈ ਉਨਾਂ ਕਿਹਾ ਕਿ ਅੱਜ ਦੇ ਸਮੇਂ ਵਿਚ ਹਵਾ ਪ੍ਰਦੂਸ਼ਣ, ਪਾਣੀ ਪ੍ਰਦੂਸ਼ਣ ਤੋਂ ਇਲਾਵਾ ਵੱਖ ਵੱਖ ਤਰਾਂ ਦੇ ਪ੍ਰਦੂਸ਼ਣ ਨਾਲ ਕਈ ਭਿਆਨਕ ਬਿਮਾਰੀਆਂ ਸਾਹਮਣੇ ਆ ਰਹੀਆਂ ਹਨ ਅਤੇ ਲਗਾਤਾਰ ਗੰਭੀਰ ਹੋ ਰਹੇ ਇਸ ਵਾਤਾਵਰਨ ਪ੍ਰਦੂਸ਼ਣ ਨੂੰ ਰੋਕਣ ਲਈ ਸਾਨੂੰ ਸਾਰਿਆਂ ਨੂੰ ਜ਼ਿੰਦਗੀ ਵਿੱਚ ਵੱਧ ਤੋਂ ਵੱਧ ਪੌਦੇ ਜਰੂਰ ਲਗਾਉਣੇ ਚਾਹੀਦੇ ਹਨ॥

# ਯੋਗਾ ਕਰਨ ਨਾਲ ਆਤਮਿਕ ਆਨੰਦ ਵੀ ਮਿਲਦਾ



**ਰਾਏਕੋਟ/ਗੁਰਭਿੰਦਰ ਗੁਰੀ:-** ਕੌਮਾਂਤਰੀ ਯੋਗਾ ਦਿਵਸ ਮੌਕੇ ਅੱਜ ਸਥਾਨਕ ਮੰਦਰ ਸ਼ਿਵਾਲਾ ਖਾਮ ਪ੍ਰਬੰਧਕੀ ਕਮੇਟੀ ਵਲੋਂ ਮੰਦਰ ਸ਼ਿਵਾਲਾ ਖਾਮ ਵਿਖੇ ਪ੍ਰਧਾਨ ਇੰਦਰਪਾਲ ਗੋਲਡੀ ਦੀ ਅਗਵਾਈ ਹੇਠ ਵਿਸ਼ੇਸ਼ ਯੋਗਾ ਕੈਂਪ ਲਗਾਇਆ ਗਿਆ ਕੈਂਪ 'ਚ ਯੋਗਾ ਮਾਹਿਰ ਲਕਸ਼ੇ ਮਲਹੋਤਰਾ ਉਚੇਚੇ ਤੌਰ ਤੇ ਪੁੱਜੇ ਅਤੇ ਕੈਂਪ 'ਚ ਪੁੱਜੇ ਵਿਅਕਤੀਆਂ ਨੂੰ ਯੋਗਾ ਦੀਆਂ ਵੱਖ ਵੱਖ ਗਤੀਵਿਧੀਆਂ ਕਰਵਾਈਆਂ ਗਈਆਂ ਇਸ ਮੌਕੇ ਯੋਗਾ ਮਾਹਿਰ ਲਕਸ਼ੇ ਮਲਹੋਤਰਾ ਨੇ ਜਿੱਥੇ ਯੋਗਾ ਕਰਨ ਦੇ ਫਾਇਦੇ ਦੱਸੇ ਉੱਥੇ ਯੋਗਾ ਨੂੰ ਕੌਮਾਂਤਰੀ ਪੱਧਰ ਤੱਕ ਲੈ ਕੇ ਜਾਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਵੀ ਧੰਨਵਾਦ ਕੀਤਾ ਇਸ ਮੌਕੇ ਯੋਗ ਗੁਰੂ ਲਕਸ਼ੇ ਮਲਹੋਤਰਾ ਨੇ ਕਿਹਾ ਕਿ ਯੋਗਾ ਕੇਵਲ ਸ਼ਰੀਰ ਨੂੰ ਤੰਦਰੁਸਤ ਰੱਖਣ ਲਈ ਇਕ ਕਸਰਤ ਨਹੀ ਹੈ ਬਲਕਿ ਯੋਗਾ ਕਰਨ ਨਾਲ ਵਿਅਕਤੀ ਨੂੰ ਆਤਮਿਕ ਆਨੰਦ ਵੀ ਮਿਲਦਾ ਹੈ, ਜਿਸ ਕਾਰਨ ਯੋਗਾ ਕਰਨ ਵਾਲਾ ਵਿਅਕਤੀ ਕੇਵਲ ਨਿਰੋਗ ਹੀ ਨਹੀ ਰਹਿੰਦਾ ਬਲਕਿ ਉਹ ਜ਼ਿੰਦਗੀ ਜਿਊਣ ਦਾ ਭਰਪੂਰ ਮਜ਼ਾ ਵੀ ਲੈਂਦਾ ਹੈ ਯੋਗਾ ਕੈਂਪ 'ਚ ਪੁੱਜਣ ਲਈ ਪ੍ਰਧਾਨ ਇੰਦਰਪਾਲ ਗੋਲਡੀ ਨੇ ਲਕਸ਼ੇ ਮਲਹੋਤਰਾ ਦਾ ਦੰਨਵਾਦ ਕੀਤਾ ਅਤੇ ਕੈਂਪ 'ਚ ਪੁੱਜੇ ਲੋਕਾਂ ਨੂੰ ਰੋਜ਼ਾਨਾ ਯੋਗਾ ਕਰਨ ਲਈ ਪ੍ਰੇਰਿਆ ਕੈਂਪ 'ਚ ਭਾਗ ਲੈਣ ਵਾਲਿਆਂ 'ਚ ਸਤਪਾਲ ਵਰਮਾਂ (ਸਾਬਕਾ ਕੌਂਸਲਰ), ਰਾਜ ਕੁਮਾਰ ਰਾਜੂ ਸਾਬਕਾ ਕੌਂਸਲਰ, ਸੁਭਾਸ਼ ਪਾਸੀ, ਪੂਜਾ ਮਲਹੋਤਰਾ, ਵੈਭਵ ਮਲਹੋਤਰਾ, ਅਭਿਨਵ ਮਲਹੋਤਰਾ, ਰੰਜੂ ਪਾਸੀ, ਆਰਤੀ ਕੋਚਰ, ਡਾ. ਅਸ਼ੋਕ ਸ਼ਰਮਾਂ, ਨੀਰਵ ਕੋਚਰ, ਜਸਵਿੰਦਰ ਕੌਰ, ਕੀਮਤੀ ਲਾਲ ਜੈਨ, ਮੀਨਾ ਜਿੰਦਲ, ਨਿਧੀ ਸਿੰਗਲਾ, ਗੀਟਾ ਜੈਨ, ਵਰੁਣ ਕੁਮਾਰ, ਬਲਦੇਵ ਸਿੰਘ, ਸੋਨਾ ਵਰਮਾਂ ਸਮੇਤ ਹੋਰ ਕਈ ਸ਼ਾਮਲ ਸਨ।

# ਮਾਈਗਰੇਟਰੀ ਪਲਸ ਪੋਲੀਓ ਪ੍ਰੋਗਰਾਮ ਤਹਿਤ ਬਲਾਕ ਮੁਕੰਦਪੁਰ ਨੇ 103 ਪ੍ਰਤੀਸ਼ਤ ਦਾ ਟੀਚਾ ਹਾਸਲ ਕੀਤਾ



**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਸਿਵਲ ਸਰਜਨ ਡਾ. ਦਵਿੰਦਰ ਢਾਂਡਾ ਜੀ ਦੇ ਦਿਸ਼ਾ ਨਿਰਦੇਸ਼ਾਂ ਅਤੇ ਐਸ ਐਮ ਓ ਡਾ. ਰਵਿੰਦਰ ਸਿੰਘ ਦੀ ਅਗਵਾਈ ਹੇਠ, ਆਜ਼ਾਦੀ ਦੇ ਅਮ੍ਰਿਤ ਮਹਾ ਉਤਸਵ ਦੇ ਤਹਿਤ, ਕੌਮੀ ਮਾਈਗਰੇਟਰੀ ਪਲਸ ਪੋਲੀਓ ਪ੍ਰੋਗਰਾਮ ਦੇ ਆਖਰੀ ਦਿਨ ਇਸ ਬਿਮਾਰੀ ਨੂੰ ਜੜੋਂ ਖਤਮ ਕਰਨ ਲਈ 5 ਸਾਲ ਤੱਕ ਦੇ ਬੱਚਿਆਂ ਨੂੰ ਪੋਲੀਓ ਰੋਕੂ ਦਵਾਈ ਦੀਆਂ ਬੂੰਦਾ ਪਿਲਾਈਆਂ ਗਈਆਂ ਇਸ ਮੁਹਿੰਮ ਦੇ ਤੀਸਰੇ ਤੇ ਆਖਰੀ ਦਿਨ ਸੁਪਰਵਾਈਜਰ ਦੀ ਦੇਖ ਰੇਖ ਦੇ ਵਿੱਚ ਵੈਕਸਿਨੇਟਰਾਂ ਨੇ ਅੱਜ ਬਲਾਕ ਮੁਕੰਦਪੁਰ ਦੇ ਵੱਖ ਵੱਖ ਇਲਕਾਇਆਂ ਵਿਚ ਜਾਕੇ ਰਹਿੰਦੇ ਬੱਚਿਆਂ ਨੂੰ ਪੋਲੀਓ ਦੀਆਂ ਬੂੰਦਾਂ ਪਿਲਾਈਆਂ ਐਸ ਐਮ ਓ ਡਾ. ਰਵਿੰਦਰ ਸਿੰਘ ਨੇ ਦੱਸਿਆ ਕਿ ਕੁੱਲ 512 ਬੱਚਿਆ ਨੂੰ ਤਿੰਨ ਦਿਨਾਂ ਦੇ ਵਿਚ ਸਿਹਤ ਕਰਮਚਾਰੀਆਂ ਵੱਲੋਂ ਡੇਰਿਆਂ, ਝੁੱਗੀਆਂ ਅਤੇ ਭੱਠੇ ਆਦਿ @ਤੇ ਰਹਿੰਦੀ ਲੇਬਰ ਦੇ ਬੱਚਿਆਂ ਨੂੰ ਘਰ ਵਿਚ ਜਾ ਕੇ ਪੋਲੀਓ ਰੋਕੂ ਦਵਾਈ ਦੀਆਂ ਬੂੰਦਾ ਪਿਲਾਈਆਂ ਗਈਆਂ ਜਿਹੜੀ ਪਿਛਲੇ ਤਿੰਨ ਦਿਨਾਂ @ਚ ਨਵੀਂ ਲੇਬਰ ਪਿੰਡਾ ਵਿੱਚ ਆਈ ਹੈ ਉਨ੍ਹਾਂ ਦੇ ਬੱਚਿਆਂ ਨੂੰ ਵੀ ਪਲਸ ਪੋਲੀਓ ਦੀਆਂ ਦੋ ਬੂੰਦਾਂ ਪਿਲਾਈਆਂ ਗਈਆਂ ਇਸ ਕੈਮਪੇਨ ਦੇ ਤੀਸਰੇ ਤੇ ਆਖਰੀ ਦਿਨ ਬਲਾਕ ਮੁਕੰਦਪੁਰ @ਚ 51 ਬੱਚਿਆਂ ਨੂੰ ਪੋਲੀਓ ਦੀਆਂ ਬੂੰਦਾ ਪਿਲਾਇਆਂ ਗਈਆਂ ਇਸ ਮੌਕੇ ਤੇ ਸੁਪਰਵਾਈਜਰ ਬਲਵੰਤ ਰਾਮ, ਰਾਜ ਕੁਮਾਰ ਹੰਸ, ਬਲਾਕ ਐਕਸਟੈਨਸ਼ਨ ਐਜੂਕੇਟਰ ਹਰਪ੍ਰੀਤ ਸਿੰਘ, ਹੈਲਥ ਵਰਕਰ ਸਰਬਜੀਤ, ਵਿਨੋਦ ਕੁਮਾਰ, ਕੁਲਵੀਰ, ਸਚਦੀਪ ਸਿੰਘ, ਅਮਨਦੀਪ ਕੁਮਾਰ, ਪਰਵੀਨ, ਏ ਐਨ ਐਮ ਪੁਨੀਤ, ਕੁਲਵਿੰਦਰ ਕੌਰ, ਅਤੇ ਉਸ਼ਾ ਆਸ਼ਾ ਵਰਕਰ ਨੇ ਬਲਾਕ ਮੁਕੰਦਪੁਰ ਵਿੱਚ ਪੋਲੀਓ ਰੋਕੂ ਬੂੰਦਾ ਪਿਲਾਈਆਂ।

# ਪੰਜਾਬ ਦਾ ਸਭ ਤੋਂ ਵੱਡਾ ਨਸ਼ੇੜੀ ਅਪਣਾ ਮੁੱਖ ਮੰਤਰੀ ਭਗਵੰਤ ਮਾਨ - ਸੁਖਵੀਰ ਬਾਦਲ



**ਸ਼ੇਰਪੁਰ/ਯਾਦਵਿੰਦਰ ਸਿੰਘ ਮਾਹੀ:-** ਲੋਕ ਸਭਾ ਹਲਕਾ ਸੰਗਰੂਰ ਦੀ ਜ਼ਿਮਨੀ ਚੋਣ ਪ੍ਰਚਾਰ ਦੇ ਆਖ਼ਰੀ ਦਿਨ ਹਲਕਾ ਮਹਿਲ ਕਲਾਂ ਦੇ ਕਸਬਾ ਸ਼ੇਰਪੁਰ ਦੇ ਗਰੇਵਾਲ ਪੱਤੀ ਚ@ ਸ਼੍ਰੋਮਣੀ ਅਕਾਲੀ ਦਲ ਬਸਪਾ ਅਤੇ ਪੰਥਕ ਜਥੇਬੰਦੀਆਂ ਦੇ ਸਾਂਝੇ ਉਮੀਦਵਾਰ ਭੈਣ ਕਮਲਦੀਪ ਕੌਰ ਦੇ ਹੱਕ ਵਿੱਚ ਇਕ ਚੋਣ ਰੈਲੀ ਵਿੱਚ ਸ਼ਿਰਕਤ ਕੀਤੀ ਇਸ ਮੌਕੇ ਲੋਕਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦੇ ਹੋਏ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ 25/30 ਸਾਲਾਂ ਤੋਂ ਜੇਲਾਂ ਚ@ ਬੰਦ ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਸਾਰੀਆਂ ਪੰਥਕ ਜਥੇਬੰਦੀਆਂ ਨੇ ਏਕਤਾ ਕੀਤੀ ਸੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਾ ਹੁਕਮ ਮੰਨ ਕੇ ਸਿਮਰਨਜੀਤ ਸਿੰਘ ਮਾਨ ਨੂੰ ਬੇਨਤੀ ਕੀਤੀ ਸੀ ਪਰ ਉਨ੍ਹਾਂ ਨੇ ਸਾਡੀ ਬੇਨਤੀ ਨਹੀਂ ਮੰਨੀ ਸਿਮਰਨਜੀਤ ਸਿੰਘ ਮਾਨ ਨੇ ਸੰਗਰੂਰ ਲੋਕ ਸਭਾ ਤੋਂ ਆਪਣੇ ਆਪ ਨੂੰ ਉਮੀਦਵਾਰ ਬਣਾ ਕੇ ਖ਼ਾਲਸਾ ਪੰਥ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਜਦੋਂ ਵਿਦੇਸ਼ਾਂ ਵਿੱਚੋਂ ਫੰਡ ਇਕੱਠਾ ਕਰਨਾ ਹੁੰਦਾ ਉਦੋਂ ਮਾਨ ਖ਼ਾਲਿਸਤਾਨ ਜ਼ਿੰਦਾਬਾਦ ਦਾ ਨਾਅਰਾ ਲਗਾਉਂਦਾ ਹੈ ਅਤੇ ਜਦੋਂ ਮੈਂਬਰ ਪਾਰਲੀਮੈਂਟ ਬਣਨਾ ਹੁੰਦਾ ਹੈ ਉਦੋਂ ਸੰਵਿਧਾਨ ਦੀ ਸਹੁੰ ਚੁੱਕ ਕੇ ਪਾਰਲੀਮੈਂਟ ਵਿੱਚ ਜਾਣਾ ਚਾਹੁੰਦਾ ਹੈ ਉਨ੍ਹਾਂ ਕਿਹਾ ਕਿ ਸਿਮਰਨਜੀਤ ਮਾਨ ਦੀ ਹੁਣ ਕਾਂਗਰਸ ਨਾਲ ਸੌਦੇਬਾਜ਼ੀ ਹੋ ਗਈ ਹੈ ਇਸ ਲਈ ਉਹ ਰਾਹੁਲ ਗਾਂਧੀ ਦੇ ਹੱਕ ਵਿੱਚ ਵੀ ਬਿਆਨ ਦੇਣ ਲੱਗ ਪਿਆ ਹੈ ਪੰਜਾਬ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਤੇ ਵਰ੍ਹਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਤਿੰਨ ਮਹੀਨਿਆਂ ਦੇ ਵਿੱਚ ਸੈਂਕੜੇ ਨੌਜਵਾਨਾਂ ਨੂੰ ਆਪਣੀ ਜਾਨ ਗਵਾਉਣੀ ਪਈ ਹੈ ਨਸ਼ੇ ਬੰਦ ਕਰਨ ਦੇ ਬਿਆਨ ਦੇਣ ਵਾਲੇ ਭਗਵੰਤ ਮਾਨ ਬਾਰੇ ਉਨ੍ਹਾਂ ਕਿਹਾ ਕਿ ਪੰਜਾਬ ਦਾ ਸਭ ਤੋਂ ਵੱਡਾ ਨਸ਼ੇੜੀ ਅਪਣਾ ਮੁੱਖ ਮੰਤਰੀ ਭਗਵੰਤ ਮਾਨ ਹੈ ਉਨ੍ਹਾਂ ਲੋਕਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਭੈਣ ਕਮਲਦੀਪ ਕੌਰ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਲੋਕ ਸਭਾ ਵਿੱਚ ਭੇਜਣ ਦੀ ਕਿਰਪਾਲਤਾ ਕਰੋ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਭੈਣ ਕਮਲਦੀਪ ਕੌਰ ਦੇ ਪਰਿਵਾਰ ਦਾ ਇਤਿਹਾਸ ਕੁਰਬਾਨੀਆਂ ਭਰਿਆ ਹੈ ਜਿਨ੍ਹਾਂ ਦੇ ਪਰਿਵਾਰ ਨੇ ਪੰਥ ਦੀ ਆਨ ਸ਼ਾਨ ਦੇ ਲਈ ਆਪਣਾ ਪਰਿਵਾਰ ਵਾਰ ਦਿੱਤਾ ਕਸਬਾ ਸ਼ੇਰਪੁਰ ਦੇ ਇਲਾਕੇ ਦੀਆਂ ਪੰਚਾਇਤਾਂ ,ਸਰਪੰਚਾਂ ਅਤੇ ਪਿੰਡਾਂ ਦੇ ਜਥੇਦਾਰਾਂ ਵੱਲੋਂ ਸੁਖਬੀਰ ਬਾਦਲ ਦਾ ਸਿਰੋਪਾਓ ਪਾ ਕੇ ਸਨਮਾਨ ਕੀਤਾ ਗਿਆ ਇਸ ਚੋਣ ਰੈਲੀ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਵਿਧਾਇਕ ਵਿਰਸਾ ਸਿੰਘ ਵਲਟੋਹਾ, ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਜਰਨਲ ਸਕੱਤਰ ਮਾਸਟਰ ਹਰਬੰਸ ਸਿੰਘ ਸ਼ੇਰਪੁਰ , ਬਹੁਜਨ ਸਮਾਜ ਪਾਰਟੀ ਦੇ ਸੀਨੀਅਰ ਆਗੂ ਸਰਬਜੀਤ ਸਿੰਘ ਖੇੜੀ,ਦਰਸਨ ਸਿੰਘ ਸ਼ੇਰਪੁਰੀ ਸਾਬਕਾ ਪ੍ਰਧਾਨ ਅਕਾਲ ਪ੍ਰਕਾਸ਼ ਗੁਰਦੁਆਰਾ ਸਾਹਿਬ ਸ਼ੇਰਪੁਰ ,ਸੁਖਵਿੰਦਰ ਸਿੰਘ ਧਾਲੀਵਾਲ, ਸਰਕਲ ਜਥੇਦਾਰ ਜਸਵਿੰਦਰ ਸਿੰਘ ਦੀਦਾਰਗਡ? , ਇਸਤਰੀ ਅਕਾਲੀ ਦਲ ਦੀ ਜਿਲ੍ਹਾਪ੍ਰਧਾਨ ਬੇਅੰਤ ਕੌਰ ਖੈਹਿਰਾ,ਮਨਜੀਤ ਕੌਰ ਕਾਲਾਬੂਲਾ,ਸਾਬਕਾ ਸਰਪੰਚ ਗਰੀਬ ਸਿੰਘ ਰਾਮਨਗਰ ਛੰਨਾਂ, ਗੁਰਸਾਹਿਬ ਸਿੰਘ ਮੁਰਾਦਵਾਲਾ ਦਲ ਸਿੰਘ,ਅੰਮ੍ਰਿਤ ਸਿੰਘ ਮੁਰਾਦਵਾਲਾ ਦਲ ਸਿੰਘ,ਜਗਮੇਲ ਸਿੰਘ ਸਰਪੰਚ ਸਰਕਲ ਪ੍ਰਧਾਨ ਘੜਿਆਣਾ, ਚੇਅਰਮੈਨ ਸੁਖਜਿੰਦਰ ਸਿੰਘ ਕੰਧੋਲਾ ,ਹਰਪ੍ਰੀਤ ਸਿੰਘ ਯੂਥ ਪ੍ਰਧਾਨ ਬਣਾਂਵਾਲੀ, ਨਾਜ਼ਮ ਸਿੰਘ ਹੇਡ?ਕੇ ਆਦਿ ਆਗੂ ਹਾਜ਼ਰ ਸਨ

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੋਟਲੀ ਮੱਲੀਆਂ ਵਿਖੇ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ



**ਅੰਮ੍ਰਿਤਸਰ/ਰਾਜਾ ਕੋਟਲੀ**

ਹਲਕਾ ਮਜੀਠਾ ਦੇ ਪਿੰਡ ਕੋਟਲੀ ਮੱਲੀਆ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਅੰਤਰਰਾਸ਼ਟਰੀ ਯੋਗਾ ਦਿਵਸ ਮੌਕੇ ਪ੍ਰਿੰਸੀਪਲ ਮੰਗਲ ਸਿੰਘ ਅਤੇ ਜਸਬੀਰ ਸਿੰਘ ਗਿੱਲ ਵੱਲੋਂ ਸਕੂਲੀ ਵਿਦਿਆਰਥੀਆਂ ਨੂੰ ਯੋਗ ਆਸਨ ਅਤੇ ਪ੍ਰਾਣਯਾਮ ਕਰਵਾਇਆ ਗਿਆ ਅਤੇ ਵਿਦਿਆਰਥੀਆਂ ਨੂੰ ਯੋਗ ਨਾਲ ਨਿਰੋਗ ਰਹਿਣ ਦੇ ਨੁਕਤੇ ਸਮਝਾਏ ਗਏ ਉਨ੍ਹਾ ਦੱਸਿਆ ਕਿ 21ਜੂਨ 2015 ਨੂੰ ਪੂਰੇ ਵਿਸ਼ਵ ਵਿੱਚ ਪਹਿਲੀ ਵਾਰ ਅੰਤਰ ਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ ਸੀ ਜਿਸ ਵਿੱਚ ਕਰੀਬ 36 ਹਜ਼ਾਰ ਲੋਕ ਸ਼ਾਮਲ ਹੋਏ ਸਨ ਇਸ ਦੇ ਨਾਲ ਹੀ ਲਗਭਗ 84 ਦੇਸ਼ਾਂ ਦੇ ਆਗੂਆਂ ਨੇ ਵੀ ਯੋਗ ਦੇ 21 ਆਸਨ ਕੀਤੇ ਸਨ ਸਿਹਤਮੰਦ ਰਹਿਣ ਲਈ ਯੋਗ ਅਹਿਮ ਭੂਮਿਕਾ ਅਦਾ ਕਰਦਾ ਹੈ ਅਜਿਹੇ @ਚ ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਮੌਜੂਦਾ ਸਮੇਂ ਵਿੱਚ ਲੋਕਾਂ ਦੀ ਯੋਗ ਪ੍ਰਤੀ ਦਿਲਚਸਪੀ ਵਧੀ ਹੈ ਤੇ ਵੱਧ ਤੋਂ ਵੱਧ ਲੋਕ ਯੋਗ ਨੂੰ ਅਪਣਾ ਰਹੇ ਹਨ ਉਨ੍ਹਾਂ ਕਿਹਾ ਕਿ ਯੋਗਾ ਕਰਨ ਨਾਲ ਅਸੀਂ ਹਰ ਤਰ੍ਹਾਂ ਦੀ ਸਰੀਰਕ ਬੀਮਾਰੀ ਤੋਂ ਨਿਜਾਤ ਪਾ ਸਕਦੇ ਹਾਂ ਅਤੇ ਯੋਗ ਕਰਨ ਨਾਲ ਸਰੀਰ ਚੁਸਤ ਦਰੁਸਤ ਅਤੇ ਫਿੱਟ ਰਹਿੰਦਾ ਹੈ ਇਸ ਮੌਕੇ ਮਲਵਿੰਦਰ ਕੌਰ, ਗੁਰਦੇਵ ਸਿੰਘ, ਰਣਜੀਤ ਸਿੰਘ, ਕਾਜਲ, ਰਮਨਦੀਪ ਕੌਰ, ਅਮਨਦੀਪ ਕੌਰ, ਹਰਪ੍ਰੀਤ ਕੌਰ, ਸਪਨਾ, ਮਨਦੀਪ ਕੁਮਾਰ, ਸਵਿੰਦਰ ਸਿੰਘ ,ਸਾਹਿਲ ਸ੍ਰੀਧਰ ਆਦਿ ਹਾਜਰ ਸਨ।

# ਜ਼ਿਲ੍ਹਾ ਪ੍ਰਸ਼ਾਸਨ ਵਲੋਂ ਸ਼ਾਂਤਮਈ ਰੋਸ ਵਿਖਾਏ ਲਈ ਨੌ ਥਾਵਾਂ ਨਿਰਧਾਰਿਤ-ਡਿਪਟੀ ਕਮਿਸ਼ਨਰ

**ਜਲੰਧਰ/ਸੰਜੇ ਰਾਜਪੂਤ**



ਡਿਪਟੀ ਕਮਿਸ਼ਨਰ ਜਲੰਧਰ ਸ੍ਰੀ ਘਨਸ਼ਿਆਮ ਥੋਰੀ ਨੇ ਦੱਸਿਆ ਕਿ ਸ਼ਾਂਤਮਈ ਧਰਨਿਆਂ ਲਈ ਥਾਵਾਂ ਦੀ ਚੋਣ ਬਹੁਤ ਹੀ ਸੋਚ ਵਿਚਾਰ ਮਗਰੋਂ ਕੀਤੀ ਗਈ ਹੈ ਤਾਂ ਜੋ ਵੱਖ-ਵੱਖ ਰਾਜਨੀਤਿਕ ਪਾਰਟੀਆਂ ਜਾਂ ਸੰਸਥਾਵਾਂ ਵਲੋਂ ਰੋਸ ਵਿਖਾਵਿਆਂ ਦੌਰਾਨ ਆਮ ਜਨ ਜੀਵਨ ਪ੍ਰਭਾਵਿਤ ਨਾ ਹੋ ਸਕੇ। ਉਨ੍ਹਾਂ ਦੱਸਿਆ ਕਿ ਸ਼ਾਂਤਮਈ ਧਰਨਿਆਂ ਲਈ ਪੁੱਡਾ ਗਰਾਊਂਡ ਤਹਿਸੀਲ ਕੰਪਲੈਕਸ ਜਲੰਧਰ ਦੇ ਸਾਹਮਣੇ, ਦੇਸ਼ ਭਗਤ ਯਾਦਗਾਰ ਹਾਲ, ਬਰਲਟਨ ਪਾਰਕ, ਦੁਸਹਿਰਾ ਗਰਾਊਂਡ ਜਲੰਧਰ ਕੈਂਟ, ਇੰਪਰੂਵਮੈਂਟ ਟਰੱਸਟ ਗਰਾਊਂਡ ਕਰਤਾਰਪੁਰ, ਦਾਣਾ ਮੰਡੀ ਭੋਗਪੁਰ, ਕਪੂਰਥਲਾ ਰੋਡ ਨਕੋਦਰ ਦਾ ਪੱਛਮੀ ਪਾਸਾ, ਡੰਡ ਮੰਡੀ ਪਿੰਡ ਸੈਫ਼ਾਵਾਲਾ(ਫਿਲੌਰ) ਅਤੇ ਨਗਰ ਪੰਚਾਇਤ ਕੰਪਲੈਕਸ ਸ਼ਾਹਕੋਟ ਸ਼ਾਮਿਲ ਹਨ। ਹੁਕਮਾਂ ਅਨੁਸਾਰ ਇਹ ਸਥਾਨ ਕੇਵਲ ਸ਼ਾਂਤਮਈ ਧਰਨਿਆਂ ਲਈ ਹੀ ਨਿਰਧਾਰਤ ਕੀਤੇ ਗਏ ਹਨ ਅਤੇ ਪ੍ਰਦਰਸ਼ਨਕਾਰੀਆਂ ਨੂੰ ਧਰਨੇ ਤੋਂ ਪਹਿਲਾਂ ਕਮਿਸ਼ਨਰ ਪੁਲਿਸ ਜਾਂ ਸਬੰਧਤ ਉਪ ਮੰਡਲ ਮੈਜਿਸਟਰੇਟ , ਜੋ ਵੀ ਲਾਗੂ ਹੋਵੇ, ਪਾਸੋਂ ਧਰਨੇ ਦੀ ਅਗਾਊਂ ਪ੍ਰਵਾਨਗੀ ਲੈਣੀ ਹੋਵੇਗੀ। ਇਸੇ ਤਰ੍ਹਾਂ ਉਨ੍ਹਾਂ ਕਿਹਾ ਕਿ ਧਰਨੇ ਦੌਰਾਨ ਕਿਸੇ ਵੀ ਤਰ੍ਹਾਂ ਦਾ ਹਥਿਆਰ ਜਿਵੇਂ ਚਾਕੂ ,ਲਾਠੀ ਜਾਂ ਕੋਈ ਹੋਰ ਲੈ ਜਾਣ ਦੀ ਇਜਾਜ਼ਤ ਨਹੀਂ ਹੋਵੇਗੀ। ਉਨ੍ਹਾਂ ਦੱਸਿਆ ਕਿ ਧਰਨੇ ਦੌਰਾਨ ਧਰਨਾ ਦੇਣ ਵਾਲੀ ਸੰਸਥਾ/ਪਾਰਟੀ ਨੂੰ ਇਹ ਲਿਖਤੀ ਦੇਣਾ ਪਵੇਗਾ ਕਿ ਇਹ ਧਰਨਾ ਪੂਰੀ ਤਰ੍ਹਾਂ ਨਾਲ ਸ਼ਾਂਤਮਈ ਹੋਵੇਗਾ। ਇਸੇ ਤਰ੍ਹਾਂ ਧਰਨੇ ਦੌਰਾਨ ਕਿਸੇ ਵੀ ਤਰ੍ਹਾਂ ਦੇ ਗੈਰ ਕਾਨੂੰਨੀ ਕਾਰਜ ਕਾਰਨ ਹੋਣ ਵਾਲੇ ਜਾਨੀ ਜਾਂ ਮਾਲੀ ਨੁਕਸਾਨ ਦੀ ਜਿੰਮੇਵਾਰੀ ਉਨਾਂ ਦੀ ਹੋਵੇਗੀ। ਇਹ ਹੁਕਮ 20 ਜੂਨ 2022 ਤੋਂ ਜਾਰੀ ਹੋਣ 'ਤੇ ਅਗਲੇ ਦੋ ਮਹੀਨੇ ਤੱਕ ਲਾਗੂ ਰਹਿਣਗੇ।

# ਅੰਤਰਰਾਸਟਰੀ ਯੋਗ ਦਿਵਸ ਉਪਰ ਨਸ਼ਾ ਛਡਾਊ ਕੇਂਦਰ ਦੇ ਨੋਜਵਾਨਾਂ ਨੂੰ ਨਸ਼ੇ ਤਿਆਗਣ ਦਾ ਸੰਕਲਪ ਕਰਵਾਉਦਿਆਂ ਯੋਗ ਅਭਿਆਸ ਕਰਵਾਇਆ

**ਗੁਰਦਾਸਪੁਰ/ਨਵਨੀਤ ਕੁਮਾਰ:-** ਅੰਤਰਰਾਸ਼ਟਰੀ ਯੋਗ ਦਿਵਸ ਮਨਾਉਣ ਲਈ ਰੈੱਡ ਕਰਾਸ ਨਸ਼ਾ ਛਡਾਊ ਅਤੇ ਪੁਨਰਵਾਸ ਕੇਂਦਰ ਕਾਹਨੂੰਵਾਨ ਰੋਡ ਬੱਬੇਹਾਲੀ ਗੁਰਦਾਸਪੁਰ ਵਿਖੇ ਸ੍ਰੀ ਰਮੇਸ਼ ਮਹਾਜਨ ਨੈਸ਼ਨਲ ਅਵਾਰਡੀ ਪ੍ਰੋਜੈਕਟ ਡਾਇਰੈਕਟਰ ਦੇ ਪ੍ਰਬੰਧਾਂ ਹੇਠ ਪ੍ਰੋਗਰਾਮ ਉਲੀਕਿਆ ਗਿਆ ਜਿਸ ਵਿਚ ਸ੍ਰੀ ਪ੍ਰੋਸ਼ਤਮ ਸਿੰਘ ਚਿੱਬ ਜਿਲਾ ਰੋਜਗਾਰ ਅਫਸਰ ਮੁੱਖ ਮਹਿਮਾਨ ਅਤੇ ਪਰਮਿੰਦਰ ਸਿੰਘ ਸੈਣੀ ਸਟੇਟ ਅਵਾਰਡੀ ਜਿਲ੍ਹਾ ਗਾਈਡੈਂਸ ਕਾਊਂਸਲਰ ਸ਼ਾਮਿਲ ਹੋਏ ਨਸ਼ਾ ਛਡਾਊ ਕੇਂਦਰ ਵਿਚ ਦਾਖਲ ਨੋਜਵਾਨਾਂ ਅਤੇ ਉਹਨਾਂ ਦੇ ਪਰਵਾਰਿਕ ਮੈਂਬਰਾਂ ਨੂੰ ਯੋਗ ਅਭਿਆਸ ਦੀਆਂ ਵੱਖ—ਵੱਖ ਕ੍ਰਿਆਵਾਂ ਕਰਵਾਈਆਂ ਗਈਆਂ ਅਤੇ ਉਹਨਾਂ ਨੂੰ ਦੱਸਿਆ ਗਿਆ ਕਿ ਯੋਗ ਮਨ ਅਤੇ ਤੰਨ ਦੀ ਤੰਦਰੁਸਤੀ ਲਈ ਸਭ ਤੋਂ ਵੱਧ ਲਾਹੇਵੰਦ ਹੈ ਇਸ ਮੋਕੇ ਤੇ ਨੋਜਵਾਨਾਂ ਨੂੰ ਰੋਜਗਾਰ ਬਿਊਰੋ ਵਲੋਂ ਚਲਾਈਆਂ ਜਾ ਰਹੀਆਂ ਵੱਖ—ਵੱਖ ਲਾਹੇਵੰਦ ਸਕੀਮਾਂ ਬਾਰੇ ਦੱਸਦਿਆਂ ਉਹਨਾ ਨੂੰ ਕੈਰੀਅਰ ਗਾਈਡੈਂਸ ਦਿੰਦਿਆਂ ਹੋਇਆਂ, ਉਹਨਾਂ ਦੀ ਸਮੂਹਿਕ ਅਤੇ ਵਿਅਕਤੀਗਤ ਕਾਉਂਸਲਿੰਗ ਕੀਤੀ ਗਈ ਇਸ ਮੋਕੇ ਤੇ ਨੋਜਵਾਨਾਂ ਅਤੇ ਉਹਨਾਂ ਦੇ ਪਰਵਾਰਿਕ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਜਿਲਾ ਰੋਜਗਾਰ ਅਫਸਰ ਪ੍ਰਸ਼ੋਤਮ ਸਿੰਘ ਚਿੱਬ ਅਤੇ ਜਿਲ੍ਹਾ ਗਾਈਡੈਂਸ ਕਾਉਂਸਲਰ ਪਰਮਿੰਦਰ ਸਿੰਘ ਸੈਣੀ ਨੇ ਕਿਹਾ ਕਿ ਜਿਲ੍ਹਾ ਰੋਜਗਾਰ ਬਿਊਰੋ ਨਾਲ ਨਸ਼ਾ ਤਿਆਗਣ ਵਾਲੇ ਨੋਜਵਾਨ ਆਪਣਾ ਸਵੈ—ਰੋਜਗਾਰ ਸੁਰੂ ਕਰਨ ਅਤੇ ਸਕਿੱਲ ਟ੍ਰੇਨਿੰਗ ਕਰਨ ਲਈ ਸੰਪਰਕ ਕਰ ਸਕਦੇ ਹਨ, ਰੋਜਗਾਰ ਬਿਊਰੋ ਤੁਹਾਡੇ ਮੁੜ ਵਸੇਬੇ ਲਈ ਕੋਸ਼ਿਸ ਕਰਦਿਆਂ ਤੁਹਾਡੇ ਜੀਵਨ ਨੂੰ ਖੁਸ਼ਹਾਲ ਬਣਾਉਣ ਸਦਾ ਮਦਦਗਾਰ ਹੋਵੇਗੀ ਉਹਨਾਂ ਨੋਜਵਾਨਾਂ ਨੂੰ ਕਿਹਾ ਕਿ ਤੁਸੀ ਘਬਰਾਉ ਨਾ ਜੋ ਪਿਛੇ ਬੀਤ ਗਿਆ ਹੈ ਉਸ ਨੂੰ ਭੁਲ ਜਾਵੋ ਤੇ ਆਪਣੀ ਜਿੰਦਗੀ ਦੀ ਨਵੀਂ ਤਰਾਂ ਸੁਰੂਆਤ ਕਰੋ ਕਿ ਭਵਿੱਖ ਵਿਚ ਕਦੇ ਵੀ ਨਸ਼ੇ ਅਤੇ ਕੋਈ ਸਮਾਜਿਕ ਬੁਰਾਈ ਤੁਹਾਡੇ ਜੀਵਨ ਵਿਚ ਆ ਕੇ ਤੁਹਾਨੂੰ ਰੋਗੀ ਨਾ ਬਣਾ ਦੇਵੇ ਇਸ ਮੋਕੇ ਸ੍ਰੀ ਰੋਮੇਸ਼ ਮਹਾਜ਼ਨ ਨੈਸ਼ਨਲ ਅਵਾਰਡੀ ਪ੍ਰੋਜੈਕਟ ਡਾਇਰੈਕਟਰ ਨੇ ਮੁੱਖ ਮਹਿਮਾਨ ਅਤੇ ਵਿਸ਼ੇਸ ਮਹਿਮਾਨ ਜੀ ਆਇਆਂ ਅਤੇ ਧੰਨਵਾਦ ਕਰਦਿਆਂ ਕੇਂਦਰ ਬਾਰੇ ਵਿਸ਼ਥਾਰ ਸਹਿਤ ਜਾਣਕਾਰੀ ਦਿੱਤੀ ਇਸ ਮੋਕੇ ਕੇਂਦਰ ਦੇ ਸਮੂਹ ਸਟਾਫ ਸਮੇਤ ਚਾਇਲਡ ਲਾਇਨ ਦਾ ਸਮੂਹ ਸਟਾਫ ਅਤੇ ਬਾਲ ਭਵਨ ਦਾ ਸਟਾਫ ਮੋਜੂਦ ਸੀ।

# ਬਾਬਾ ਰੱਕੜ ਸ਼ਾਹ ਜੀ ਦਾ ਸਾਲਾਨਾ ਜੋੜ ਮੇਲਾ ਅੱਜ ਤੋਂ ਸ਼ੁਰੂ

**ਅੰਮ੍ਰਿਤਸਰ/ਰਾਜਾ ਕੋਟਲੀ:-** ਕਸਬਾ ਰਈਆਂ ਦੇ ਨੇੜਲੇ ਪਿੰਡ ਮੱਦੀ ਵਿਖੇ ਧੰਨ ਧੰਨ ਪੀਰ ਬਾਬਾ ਰੱਕੜ ਸਾਹ ਜੀ ਦਾ ਸਲਾਨਾ ਦੋ ਰੋਜਾ ਜੌੜ ਮੇਲਾ ਅੱਜ ਤੋਂ ਸੁਰੂ ਹੈ ਇਹ ਜਾਣਕਾਰੀ ਮੁੱਖ ਸੇਵਾਦਾਰ ਬਾਬਾ ਫੁੱਲਾਂ ਸਿੰਘ ਨੇ ਦਿੰਦਿਆਂ ਦੱਸਿਆ ਕਿ ਇਹ ਮੇਲਾ ਇਲਾਕੇ ਦੀਆਂ ਸੰਗਤਾਂ ਵੱਲੋਂ ਬਡ?ੀ ਹੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ ਇਸ ਵਿਚ ਪਹੁੰਚ ਰਹੇ ਕਵਾਲੀ ਕਲਾਕਾਰ ਸੁਲਤਾਨ ਜਾਫ਼ਰੀ ਟੀਮ ਵੱਲੋਂ ਆਈਆਂ ਸੰਗਤਾਂ ਨੂੰ ਕਵਾਲ ਸੁਣਾ ਕੇ ਨਿਹਾਲ ਕੀਤਾ ਜਾਵੇਗਾ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ ਇਸ ਮੌਕੇ ਹਰਪਾਲ ਸਿੰਘ,ਜੋਨਦੀਪ ਸਿੰਘ ਜੋਨਾ,ਗੁਰਲਾਲ ਸਿੰਘ ਆਦਿ ਹਾਜਰ ਸਨ।

# ਡਿਪਟੀ ਕਮਿਸ਼ਨਰ ਵੱਲੋਂ ਅੱਠਵੀਂ ਪ੍ਰੀਖਿਆ ਵਿੱਚੋਂ ਮੈਰਿਟ ਪ੍ਰਾਪਤ ਕਰਨ ਵਾਲੇ ਸਰਕਾਰੀ ਸਕੂਲਾਂ ਦੇ 11 ਬੱਚੇ ਸਨਮਾਨਿਤ



**ਗੁਰਦਾਸਪੁਰ-ਨਵਨੀਤ ਕੁਮਾਰ**

ਅੱਜ ਡਿਪਟੀ ਕਮਿਸ਼ਨਰ ਗੁਰਦਾਸਪੁਰ ਜਨਾਬ ਮੁਹੰਮਦ ਇਤਫ਼ਾਕ ਵੱਲੋਂ ਅੱਠਵੀਂ ਪ੍ਰੀਖਿਆ ਵਿੱਚੋਂ ਮੈਰਿਟ ਪ੍ਰਾਪਤ ਕਰਨ ਵਾਲੇ ਸਰਕਾਰੀ ਸਕੂਲਾਂ ਦੇ 11 ਬੱਚਿਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ਇਸ ਦੌਰਾਨ ਉਨ੍ਹਾਂ ਮੈਰਿਟ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ 2100-/ ਦੇਣ ਦਾ ਐਲਾਨ ਕੀਤਾ ਇਸ ਮੌਕੇ ਸਰਕਾਰੀ ਹਾਈ ਸਕੂਲ ਸੁਕਰਪੁਰਾ ਬਟਾਲਾ ਦੀ ਅੰਗਰੇਜ਼ੀ ਦੀ ਅਧਿਆਪਕਾ ਰਜਨੀ ਬਾਲਾ ਅਤੇ ਸਰਕਾਰੀ ਸੀਨੀ ਸੈਕੰ ਸਕੂਲ ਧੁੱਪਸੜੀ ਦੇ ਗਣਿਤ ਅਧਿਆਪਕ ਜਸਪਾਲ ਸਿੰਘ ਨੂੰ ਆਪਣੇ ਵਿਸ਼ੇ ਦੀਆਂ ਵੱਧ-ਵੱਧ ਗਤੀਵਿਧੀਆਂ ਕਰਵਾਉਣ ਲਈ ਸਨਮਾਨ ਪੱਤਰ ਦਿੱਤਾ ਅਤੇ 5100-/ ਰੁਪਏ ਪੁਰਸਕਾਰ ਦੇਣ ਦਾ ਐਲਾਨ ਕੀਤਾ ਉਨ੍ਹਾਂ ਬੱਚਿਆਂ ਨਾਲ ਉਨ੍ਹਾਂ ਦੇ ਭਵਿੱਖ ਦੀ ਯੋਜਨਾਬੰਦੀ ਬਾਰੇ ਗੱਲ-ਬਾਤ ਕਰਕੇ ਸ਼ੁੱਭ-ਇੱਛਾਵਾਂ ਦਿੱਤੀਆਂ ਇਸ ਦੌਰਾਨ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰ:/ਐਲੀ: ਹਰਪਾਲ ਸਿੰਘ ਸੰਧਾਵਾਲੀਆ ਨੇ ਦੱਸਿਆ ਕਿ ਅੱਠਵੀਂ ਦੀ ਪ੍ਰੀਖਿਆ ਵਿੱਚੋਂ ਵਿਦਿਆਰਥੀ ਫਤਿਹਬੀਰ ਸਿੰਘ ਨੇ 591/600 ( 98.5 % ) , ਸੋਨਮਪ੍ਰੀਤ ਕੌਰ 589/600 ( 98.17 % ) , ਕਨਿਕਾ 587/600 ( 97.83% ) , ਸ਼ਿਵਾਨੀ ਬੱਗਾ 587/600 ( 97.83% ) , ਮਨਪ੍ਰੀਤ ਕੌਰ 586/600 ( 97.67%) , ਗੁਰਸ਼ਰਨਪ੍ਰੀਤ ਕੌਰ 586/600 ( 97.67%), ਰਵਨੀਤ ਕੌਰ 586/600 ( 97.67%), ਸਿਮਰਨ 585/600 (97.50%) , ਅਕਾਸ਼ਦੀਪ ਕੌਰ 585/600 (97.50%) , ਪ੍ਰਿਆ ਦੇਵੀ 585/600 (97.50%) , ਤਨੂੰ 585/600 (97.50%) ਅੰਕ ਪ੍ਰਾਪਤ ਕਰਕੇ ਰਾਜ ਪੱਧਰ ਤੇ ਕ੍ਰਮਵਾਰ ਸੱਤਵਾਂ ਨੌਵਾਂ, ਗਿਆਰਵਾਂ,ਗਿਆਰਵਾਂ, ਬਾਰ੍ਹਵਾਂ, ਬਾਰ੍ਹਵਾਂ,ਬਾਰ੍ਹਵਾਂ, ਤੇਰ੍ਹਵਾਂ ,ਤੇਰ੍ਹਵਾਂ,ਤੇਰ੍ਹਵਾਂ,ਤੇਰ੍ਹਵਾਂ ਰੈਂਕ ਪ੍ਰਾਪਤ ਕਰਕੇ ਆਪਣੇ ਮਾਤਾ-ਪਿਤਾ ਅਤੇ ਅਧਿਆਪਕਾਂ ਦਾ ਨਾਮ ਰੋਸ਼ਨ ਕੀਤਾ ਹੈ ਇਸ ਮੌਕੇ ਡਿਪਟੀ ਡੀ.ਈ.ਓ. ਸੈਕੰ: ਲਖਵਿੰਦਰ ਸਿੰਘ , ਪ੍ਰਿੰਸੀਪਲ ਅਨੀਮਾ ਅਰੋੜਾ , ਪ੍ਰਿੰਸੀਪਲ ਬਲਜਿੰਦਰ ਕੌਰ , ਡੀ.ਐਮ. ਗਣਿਤ ਗੁਰਨਾਮ ਸਿੰਘ , ਡੀ.ਐਮ. ਅੰਗਰੇਜ਼ੀ/ ਸਮਾਜਿਕ ਵਿਗਿਆਨ ਨਰਿੰਦਰ ਸਿੰਘ , ਮੀਡੀਆ ਇੰਚਾਰਜ ਗਗਨਦੀਪ ਸਿੰਘ , ਸਕੂਲ ਅਧਿਆਪਕ ਅਤੇ ਬੱਚਿਆਂ ਦੇ ਮਾਤਾ-ਪਿਤਾ ਹਾਜ਼ਰ ਸਨ।

# ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਵਿੱਚ ਯੋਗਾ ਦਿਵਸ ਮਨਾਇਆ




**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਅੱਜ ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਵਿੱਚ ਯੋਗਾ ਦਿਵਸ ਮਨਾਇਆ ਗਿਆ ਇਸ ਯੋਗ ਦਿਵਸ ਵਿੱਚ ਭਾਰਤੀ ਯੋਗ ਸੰਸਥਾਨ ਵੱਲੋਂ ਯੋਗਾ ਸੀਵਰ ਦਾ ਪ੍ਰਬੰਧ ਕੀਤਾ ਗਿਆ ਇਸ ਯੋਗਾ ਸੀਵਰ ਵਿਚ ਇਲਾਕੇ ਦੇ ਲੋਕਾਂ, ਵਿਦਿਆਰਥੀਆਂ, ਸਕੂਲ ਵਿੱਚ ਚੱਲ ਰਹੇ ਐੱਨ.ਸੀ.ਸੀ ਕੈਂਪ ਦੇ ਲਗਭਗ 600 ਵਿਦਿਆਰਥੀਆਂ ਅਤੇ ਸਕੂਲ ਦੇ ਸਟਾਫ ਨੇ ਵਧ ਚੜ੍ਹ ਕੇ ਹਿੱਸਾ ਲਿਆ ਭਾਰਤੀ ਯੋਗ ਸੰਸਥਾ ਵੱਲੋਂ ਵੱਖ ਵੱਖ ਯੋਗਾ ਕਰਵਾ ਕੇ ਸਰੀਰ ਅਤੇ ਮਨ ਨੂੰ ਤੰਦਰੁਸਤ ਰੱਖਣ ਦੇ ਯੋਗ ਆਸਨ ਕਰਵਾਏ ਗਏ ਇਸ ਮੌਕੇ ਤੇ ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ ਮੰਗਲ ਸਿੰਘ ਕਿਸ਼ਨਪੁਰੀ ਜੀ ਨੇ ਕਿਹਾ ਕਿ ਯੋਗ ਆਸਨ ਕਰਨ ਨਾਲ ਸਾਡਾ ਸਰੀਰ ਵੱਖ ਵੱਖ ਬੀਮਾਰੀਆਂ ਤੋਂ ਮੁਕਤ ਰਹਿੰਦਾ ਹੈ ਅਤੇ ਸਾਡਾ ਤਨ ਅਤੇ ਮਨ ਦੋਵੇਂ ਅਰੋਗੀ ਰਹਿੰਦੇ ਹਨ ਜੋ ਕਬਜ਼,ਸ਼ੂਗਰ ,ਵਜ਼ਨ ਨੂੰ ਕੰਟਰੋਲ ਰੱਖਣ ,ਜੋੜਾਂ ਦੇ ਦਰਦ ਅਤੇ ਹੋਰ ਬਹੁਤ ਸਾਰੀਆਂ ਬਿਮਾਰੀਆਂ ਤੋਂ ਬਚਾਉਂਦਾ ਹੈ ਇਸ ਲਈ ਸਾਨੂੰ ਸਿਰਫ਼ ਯੋਗਾ ਦਿਵਸ ਤੇ ਨਹੀਂ ਬਲਕਿ ਰੋਜ਼ਾਨਾ ਯੋਗ ਦੇ ਆਸਣ ਕਰਨੇ ਚਾਹੀਦੇ ਹਨ ਇਸ ਸਮਾਗਮ ਵਿੱਚ ਸਕੂਲ ਦੇ ਪ੍ਰਿੰਸੀਪਲ ਮੈਡਮ ਅਮਰਪ੍ਰੀਤ ਕੌਰ ਜੀ ,ਰਕੇਸ਼ ਕੁਮਾਰ ਗੁਪਤਾ ,ਹਰਦੇਵ ਸਿੰਘ, ਮਾਸਟਰ ਧਰਮਿੰਦਰ ਸਿੰਘ, ਸ੍ਰੀਮਤੀ ਰਿੰਕੂ,ਕੰਵਲਜੀਤ ਕੌਰ,ਭਗਵਾਨ ਦਾਸ, ਬ੍ਰਿਗੇਡੀਅਰ ਰੋਹਿਤ ਸ਼ਰਮਾ, ਕਰਨਲ ਕਰਨੈਲ ਸਿੰਘ,ਕਮਲਜੀਤ ਸਿੰਘ (ਐਸ ਐਸ ਓ), ਮਨਜੀਤ ਸਿੰਘ, ਗੁਰਪ੍ਰੀਤ ਸਿੰਘ, ਮੇਜਰ ਮਨਜੀਤ ਸਿੰਘ,ਮੇਜਰ ਕਮਲਜੀਤ ਸਿੰਘ, ਸੁਪਰਡੈਂਟ ਸ੍ਰੀ ਵਿਨੈ ਕੁਮਾਰ ਅਤੇ ਸਮੂਹ ਸਟਾਫ ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਨੇ ਵੱਧ ਚੜ੍ਹ ਕੇ ਹਿੱਸਾ ਲਿਆ।

## ਸੀ-ਪਾਈਟ ਕੈਂਪ ਨਵਾਂਸ਼ਹਿਰ ਵਿਖੇ ਯੁਵਕਾਂ ਲਈ ਪੰਜਾਬ ਪੁਲਿਸ ਦੀ ਭਰਤੀ ਵਾਸਤੇ ਮੁਫ਼ਤ ਪ੍ਰੀ-ਟ੍ਰੇਨਿੰਗ ਕੈਂਪ ਸ਼ੁਰੂ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਪੰਜਾਬ ਪੁਲਿਸ ਦੀ ਜਲਦ ਹੋਣ ਜਾ ਰਹੀ ਭਰਤੀ ਦੇ ਮੱਦੇਨਜ਼ਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਅਤੇ ਹੁਸ਼ਿਆਰਪੁਰ ਦੇ ਯੁਵਕਾਂ ਦੀ ਪ੍ਰੀ-ਟ੍ਰੇਨਿੰਗ ਸੀ-ਪਾਈਟ ਕੈਂਪ, ਰਾਹੋਂ ਰੋਡ (ਨਹਿਰੀ ਵਿਸ਼ਰਾਮ ਘਰ) ਨਵਾਂਸ਼ਹਿਰ ਵਿਖੇ ਸ਼ੁਰੂ ਕਰ ਦਿੱਤੀ ਗਈ ਹੈ ਇਹ ਜਾਣਕਾਰੀ ਦਿੰਦਿਆਂ ਕੈਂਪ ਇੰਚਾਰਜ ਨਿਰਮਲ ਸਿੰਘ ਨੇ ਦੱਸਿਆ ਕਿ ਪ੍ਰੀ-ਟ੍ਰੇਨਿੰਗ ਲੈਣ ਦੇ ਚਾਹਵਾਨ ਯੁਵਕ ਹਰ ਹਫ਼ਤੇ ਮੰਗਲਵਾਰ ਤੇ ਵੀਰਵਾਰ ਵਾਲੇ ਦਿਨ, ਆਪਣੇ ਅਸਲ ਸਰਟੀਫਿਕੇਟ ਅਤੇ ਫੋਟੋ ਕਾਪੀਆਂ, 2 ਫੋਟੋਆ ਨਾਲ ਲੈ ਕੇ ਸਵੇਰੇ 9 ਵਜੇ ਟਰਾਇਲ ਦੇਣ ਲਈ ਕੈਂਪ ਵਿੱਚ ਹਾਜ਼ਰ ਹੋਣ ਉਨ੍ਹਾਂ ਦੱਸਿਆ ਕਿ ਨੌਜਵਾਨ 12ਵੀਂ ਪਾਸ ਹੋਵੇ, ਕੱਦ 5 ਫੁੱਟ 7 ਇੰਚ (170 ਸੈਟੀਮੀਟਰ), ਛਾਤੀ 77-82 ਸੈਂਟੀਮੀਟਰ ਹੋਵੇ ਅਤੇ ਉਮਰ 18 ਸਾਲ ਤੋਂ 25 ਸਾਲ ਦੇ ਵਿੱਚ ਹੋਣੀ ਚਾਹੀਦੀ ਹੈ ਪੰਜਾਬ ਸਰਕਾਰ ਵੱਲੋਂ ਇਸ ਪ੍ਰੀ-ਟ੍ਰੇਨਿੰਗ ਦੌਰਾਨ ਯੁਵਕਾਂ ਨੂੰ ਖਾਣਾ ਅਤੇ ਰਿਹਾਇਸ਼ ਮੁਫ਼ਤ ਦਿੱਤੀ ਜਾਵੇਗੀ ਵਧੇਰੇ ਜਾਣਕਾਰੀ ਲਈ ਮੋਬਾਇਲ ਨੰਬਰਾਂ 94637-38300, 87258-66019, 9814586921 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਕਮਿਸ਼ਨਰ ਸ਼ਾਇਰੀ ਭੰਡਾਰੀ ਨੇ ਬਟਾਲਾ ਸ਼ਹਿਰ ਦੀ ਸ਼ਫ਼ਾਈ ਵਿਵਸਥਾ ਦਾ ਜਾਇਜਾ ਲਿਆ

**ਬਟਾਲਾ/ਸੁਖਨਾਮ ਸਿੰਘ**

ਨਗਰ ਨਿਗਮ ਬਟਾਲਾ ਦੀ ਕਮਿਸ਼ਨਰ ਸ੍ਰੀਮਤੀ ਸ਼ਾਇਰੀ ਭੰਡਾਰੀ ਵੱਲੋਂ ਅੱਜ ਸਵੇਰੇ ਸ਼ਹਿਰ ਦੀ ਸਫ਼ਾਈ ਵਿਵਸਥਾ ਦਾ ਜਾਇਜਾ ਲਿਆ ਗਿਆ ਅਤੇ ਨਾਲ ਹੀ ਉਨ੍ਹਾਂ ਨੇ ਸਫ਼ਾਈ ਕਰਮਚਾਰੀਆਂ ਦੀ ਹਾਜ਼ਰੀ ਵੀ ਚੈੱਕ ਕੀਤੀ ਇਸ ਮੌਕੇ ਉਨ੍ਹਾਂ ਨਾਲ ਨਗਰ ਨਿਗਮ ਦੇ ਸੁਪਰਡੈਂਟ ਨਿਰਮਲ ਸਿੰਘ, ਸੈਨਟਰੀ ਇੰਸਪੈਕਟਰ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ ਸਫ਼ਾਈ ਕਰਮੀਆਂ ਦੀ ਅਚਨਚੇਤ ਚੈਕਿੰਗ ਦੌਰਾਨ ਕੁਝ ਸਫ਼ਾਈ ਕਰਮਚਾਰੀ ਗੈਰ ਹਾਜ਼ਰ ਪਾਏ ਗਏ ਜਿਨ੍ਹਾਂ ਦੀ ਜੁਆਬ-ਤਲਬੀ ਕਰਨ ਦੇ ਨਿਰਦੇਸ਼ ਕਮਿਸ਼ਨਰ ਵੱਲੋਂ ਦਿੱਤੇ ਗਏ ਹਨ।

ਨਗਰ ਨਿਗਮ ਦੇ ਅਧਿਕਾਰੀਆਂ ਨੂੰ ਸ਼ਹਿਰ ਦੀ ਸਫ਼ਾਈ ਵਿਵਸਥਾ ਵਿੱਚ ਸੁਧਾਰ ਲਿਆਉਣ ਦੀਆਂ ਹਦਾਇਤਾਂ ਦਿੰਦਿਆਂ ਕਮਿਸ਼ਨਰ ਸ੍ਰੀਮਤੀ ਸ਼ਾਇਰੀ ਭੰਡਾਰੀ ਨੇ ਕਿਹਾ ਕਿ ਸ਼ਹਿਰ ਦੇ ਹਰ ਮੁਹੱਲੇ ਅਤੇ ਵਾਰਡ ਦੇ ਅਨੁਸਾਰ ਸਫ਼ਾਈ ਕਰਮਚਾਰੀਆਂ ਦੀ ਲਿਸਟ ਤਿਆਰ ਕੀਤੀ ਜਾਵੇ ਅਤੇ ਉਸ ਲਿਸਟ ਨੂੰ ਜਨਤਕ ਵੀ ਕੀਤਾ ਜਾਵੇ ਤਾਂ ਜੋ ਸ਼ਹਿਰ ਵਾਸੀਆਂ ਨੂੰ ਪਤਾ ਹੋਵੇ ਕਿ ਉਨ੍ਹਾਂ ਦੇ ਮੁਹੱਲੇ ਵਿੱਚ ਕਿੰਨੇ ਅਤੇ ਕਿਹੜੇ ਸਫ਼ਾਈ ਕਰਮਚਾਰੀ ਤਾਇਨਾਤ ਹਨ ਉਨ੍ਹਾਂ ਸੈਨਟਰੀ ਇੰਸਪੈਕਟਰ ਅਤੇ ਸਫ਼ਾਈ ਸੁਪਰਵਾਈਜ਼ਰਾਂ ਨੂੰ ਹਦਾਇਤ ਕੀਤੀ ਕਿ ਸਫ਼ਾਈ ਕਰਮੀਆਂ ਦੀ ਰੋਜ਼ਾਨਾ ਹਾਜ਼ਰੀ ਚੈੱਕ ਕੀਤੀ ਜਾਵੇ ਅਤੇ ਇਸ ਵਿੱਚ ਕਿਸੇ ਕਿਸਮ ਦੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਉਨ੍ਹਾਂ ਕਿਹਾ ਕਿ ਸ਼ਹਿਰ ਵਿੱਚ ਲੱਗੇ ਕੂੜੇ ਦੇ ਢੇਰਾਂ ਨੂੰ ਸਵੇਰੇ ਜਲਦੀ ਚੁੱਕਿਆ ਜਾਵੇ।

ਕਮਿਸ਼ਨਰ ਨਗਰ ਨਿਗਮ ਬਟਾਲਾ ਸ੍ਰੀਮਤੀ ਸ਼ਾਇਰੀ ਭੰਡਾਰੀ ਨੇ ਕਿਹਾ ਕਿ ਸ਼ਹਿਰ ਦੀ ਸਫ਼ਾਈ ਵਿਵਸਥਾ ਦੇ ਸੁਧਾਰ ਲਈ ਜਿਥੇ ਸਫ਼ਾਈ ਕਰਮਚਾਰੀਆਂ ਦੀ ਹਾਜ਼ਰੀ ਨੂੰ ਯਕੀਨੀ ਬਣਾਇਆ ਜਾਵੇਗਾ ਓਥੇ ਸ਼ਹਿਰ ਵਾਸੀ ਵੀ 'ਮੇਰਾ ਕੂੜਾ, ਮੇਰੀ ਜਿੰਮੇਵਾਰੀ' ਮੁਹਿੰਮ ਵਿੱਚ ਆਪਣਾ ਸਾਥ ਦੇਣ ਉਨ੍ਹਾਂ ਕਿਹਾ ਕਿ ਨਾਗਰਿਕ ਆਪਣੇ ਘਰਾਂ ਵਿੱਚ ਹੀ ਗਿੱਲੇ ਕੂੜੇ ਦੀ ਕੰਪੋਸਟ ਖਾਦ ਤਿਆਰ ਕਰ ਸਕਦੇ ਹਨ ਜਦਕਿ ਸੁੱਕੇ ਕੂੜੇ ਨੂੰ ਕਬਾੜੀਏ ਕੋਲ ਰੀਸਾਈਕਲ ਲਈ ਵੇਚਿਆ ਜਾ ਸਕਦਾ ਹੈ ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਹਰ ਸ਼ਹਿਰ ਵਾਸੀ ਆਪਣੇ ਘਰ ਵਿੱਚ ਸੁੱਕਾ ਅਤੇ ਗਿੱਲਾ ਕੂੜਾ ਵੱਖ-ਵੱਖ ਇਕੱਠਾ ਕਰੇ ਅਤੇ ਸਫ਼ਾਈ ਕਰਮੀ ਨੂੰ ਵੀ ਵੱਖ-ਵੱਖ ਹੀ ਦੇਣ ਤਾਂ ਜੋ ਕੂੜੇ ਦਾ ਅਸਾਨੀ ਨਾਲ ਨਿਪਟਾਰਾ ਕੀਤਾ ਜਾ ਸਕੇ ਸ੍ਰੀਮਤੀ ਭੰਡਾਰੀ ਨੇ ਕਿਹਾ ਕਿ ਸਾਂਝੇ ਯਤਨਾ ਸਦਕਾ ਅਸੀਂ ਬੜੀ ਜਲਦੀ ਆਪਣੇ ਸ਼ਹਿਰ ਨੂੰ ਸਾਫ਼-ਸੁਥਰਾ ਬਣਾ ਸਕਦੇ ਹਾਂ॥

## ਅੰਤਰਰਾਸ਼ਟਰੀ ਉਲੰਪਿਕ ਦਿਵਸ ਮੌਕੇ ਡੀਸੀਪੀ ਭੰਡਾਲ ਦਾ ਸਨਮਾਨ ਕੱਲ

**ਅੰਮ੍ਰਿਤਸਰ/ਰਾਜਾ**

ਪੰਜਾਬ ਦੀ ਨਾਮਵਰ ਖੇਡ ਸੰਸਥਾ ਸਰਹੱਦ-ਏ-ਪੰਜਾਬ ਸਪੋਰਟਸ ਕਲੱਬ (ਰਜਿ) ਅੰਮ੍ਰਿਤਸਰ ਦੇ ਪ੍ਰਧਾਨ ਗੁਰਿੰਦਰ ਸਿੰਘ ਮੱਟੂ ਨੇ ਜਾਣਕਾਰੀ ਦਿੰਦਿਆਂ ਕਿਹਾ ਕੇ ਕੱਲ ਅੰਤਰਰਾਸ਼ਟਰੀ ਉਲੰਪਿਕ ਦਿਵਸ ਮੌਕੇ ਇੱਕ ਸਾਦੇ ਤੇ ਪ੍ਰਭਾਵਸ਼ਾਲੀ ਸਮਾਂਰੋਹ ਦੌਰਾਨ ਬਾਸਕਿਟਬਾਲ ਦੇ ਇੰਟਰਨੈਸ਼ਨਲ ਖਿਡਾਰੀ ਅਤੇ ਅਰਜੁਨਾ ਐਵਾਰਡੀ, ਮਹਾਰਾਜਾ ਰਣਜੀਤ ਸਿੰਘ ਐਵਾਰਡੀ ਪਰਮਿੰਦਰ ਸਿੰਘ ਭੰਡਾਲ (ਡੀਸੀਪੀ ਲਾਅ ਐਂਡ ਆਰਡਰ ਅੰਮ੍ਰਿਤਸਰ ਪੁਲਿਸ) ਨੂੰ ਉਚੇਚੇ ਤੌਰ ਤੇ ਸਨਮਾਨਿਤ ਕੀਤਾ ਜਾਵੇਗਾ ◆ ਇਸ ਮੌਕੇ ਪ੍ਰਸਿੱਧ ਖੇਡ ਪ੍ਰੋਮੋਟਰ ਅਤੇ ਸਰਹੱਦ-ਏ-ਪੰਜਾਬ ਖੇਡ ਕਲੱਬ (ਰਜਿ) ਅੰਮ੍ਰਿਤਸਰ ਦੇ ਪ੍ਰਧਾਨ ਗੁਰਿੰਦਰ ਸਿੰਘ ਮੱਟੂ ਨੇ ਕਿਹਾ ਕਿ ਡੀਸੀਪੀ. ਪਰਮਿੰਦਰ ਸਿੰਘ ਭੰਡਾਲ ਦਾ ਨਾਂਅ ਕਿਸੇ ਜਾਣ ਪਹਿਚਾਣ ਦਾ ਮੁਥਾਜ ਨਹੀਂ ਹੈ ◆ ਕਿਸੇ ਇਨਸਾਨ ਦੀ ਪਹਿਚਾਣ ਚੰਗੇ ਕੰਮਕਾਰ, ਸੁਭਾਅ ਅਤੇ ਉਸ ਦੇ ਵਤੀਰੇ ਤੋਂ ਹੁੰਦੀ ਹੈ ਉਸ ਦੀ ਸਮਾਜ ਨੂੰ ਕੀ ਦੇਣ ਹੈ ਇਹ ਦੇਖਿਆ ਜਾਂਦਾ ਹੈ ਉਸ ਦੀ ਦੇਸ਼ ਪ੍ਰਤੀ ਚੰਗੀ ਸੋਚ, ਹਿੰਮਤ ਅਤੇ ਉਸ ਦੀ ਮਿਹਨਤ ਜਦੋਂ ਇਹ ਸਾਰੀਆਂ ਗੱਲਾਂ ਜਿਸ ਵਿਅਕਤੀ ਕੋਲ ਮੌਜੂਦ ਹੋਣ ਤੱਕ ਕਿਸਮਤ ਚੰਗੀ ਤਕਦੀਰ ਬਣ ਕੇ ਉਸ ਦੇ ਦਰਵਾਜੇ 'ਤੇ ਦਸਤਕ ਦਿੰਦੀ ਹੈ ਅਤੇ ਉਸ ਦਾ ਭਵਿੱਖ ਫਿਰ ਉਸ ਦੀ ਤਕਦੀਰ ਲ਼ਿਖਦੀ ਹੈ ਕੁਝ ਅਜਿਹਾ ਹੀ ਬਾਸਕਟਬਾਲ ਦੇ ਮੈਦਾਨ ਤੋਂ ਉੱਠੇ ਪੰਜਾਬ ਪੁਲਿਸ ਵਿਚ ਆਪਣੀਆਂ ਸੇਵਾਵਾਂ ਨਿਭਾ ਰਹੇ ਡੀਸੀਪੀ ਪਰਮਿੰਦਰ ਸਿੰਘ ਭੰਡਾਲ ਦੀ ਜਿੰਦਗੀ ਵਿਚ ਹੋਇਆ, ਉਹ ਅੱਜ-ਕੱਲ ਅੰਮ੍ਰਿਤਸਰ ਸ਼ਹਿਰ ਵਿਚ ਬਤੌਰ ਡੀਸੀਪੀ ਲਾਅ ਐਂਡ ਆਰਡਰ ਤਾਇਨਾਤ ਹਨ ਡੀਸੀਪੀ ਭੰਡਾਲ ਜਿਲ੍ਹਾ ਕਪੂਰਥਲਾ ਦੇ ਜੰਮਪਲ ਪਰਮਿੰਦਰ ਸਿੰਘ ਭੰਡਾਲ ਪਿੰਡ ਦੇ ਸਕੂਲ਼ ਵਿਚ ਪੜ੍ਹਦੇ ਹੀ ਪਿਤਾ ਗੁਰਮੀਤ ਸਿੰਘ ਜੋ ਕਿ ਫੌਜ ਵਿਚੋਂ ਅਫਸਰ ਰਿਟਾਇਰਡ ਦੀ ਨਸੀਹਤ ਅਨੁਸਾਰ ਖਿਡਾਰੀ ਬਣਨ ਦਾ ਸੁਪਨਾ ਆਪਣੇ ਦਿਲ ਦੇ ਅੰਦਰ ਪਾਲਿਆ ਅਤੇ ਸਕੂਲੀ ਪੜ੍ਹਾਈ ਖਤਮ ਹੋਣ ਉਪਰੰਤ ਸਪੋਰਟਸ ਕਾਲਜ ਵਿਚ ਦਾਖਲਾ ਲਿਆ ਲਗਨ, ਮਿਹਨਤ ਅਤੇ ਜਜਬੇ ਨਾਲ ਬਾਸਕਟਬਾਲ ਦਾ ਇਕ ਚੰਗਾ ਖਿਡਾਰੀ ਬਣ ਕੇ ਉਭਰਿਆ ਪਹਿਲਾਂ ਸੂਬੇ ਵਿਚ ਹੀ ਆਪਣੀ ਟੀਮ ਦੀ ਕਈ ਸਾਲ ਕਪਤਾਨੀ ਕੀਤੀ ਅਤੇ ਕਈ ਮੈਡਲ ਜਿੱਤ ਕੇ ਪੰਜਾਬ ਦੀ ਝੋਲੀ ਵਿਚ ਪਾਏ 1989 ਵਿਚ ਇੰਡੀਆ ਕੈਂਪ ਵਿਚ ਖੇਡਣ ਪੁੱਜੇ ਭੰਡਾਲ ਨੂੰ ਉਸ ਵੇਲੇ ਦੇ ਡੀਜੀਪੀ ਮਹਿਲ ਸਿੰਘ ਭੁੱਲਰ ਨੇ ਪੰਜਾਬ ਪੁਲਿਸ ਦੀ ਸਪੋਰਟਸ ਟੀਮ ਲਈ ਚੁਣ ਲਿਆ, ਜਿਸ ਦੇ ਚੱਲਦੇ ਸੰਨ 1989 ਤੋਂ ਲੈ ਕੇ 2005 ਤੱਕ ਆਪਣੀ ਟੀਮ ਦੀ ਕਪਤਾਨੀ ਕੀਤੀ ਅਤੇ ਦੇਸ਼ ਨੂੰ ਉੱਚਾ ਚੁੱਕਣ ਲਈ ਬੜੇ ਅਹਿਮ ਉਪਰਾਲੇ ਕੀਤੇ ਇਸ ਦੌਰਾਨ 12 ਗੋਲਡ ਮੈਡਲ ਅਤੇ ਕਈ ਹੋਰ ਮੈਡਲ ਜਿੱਤੇ ਅਤੇ ਇਸ ਦੋਰਾਨ ਸੂਬਾ ਸਰਕਾਰ ਕੋਲੋਂ ਮਹਾਰਾਜਾ ਰਣਜੀਤ ਸਿੰਘ ਐਵਾਰਡ ਅਤੇ ਰਾਸ਼ਟਰਪਤੀ ਕੋਲੋਂ ਅਰਜਨਾ ਐਵਾਰਡ ਪ੍ਰਾਪਤ ਕਰਨ ਦਾ ਮਾਣ ਹਾਸਲ ਕੀਤਾ ਆਪਣੀ ਡਿਊਟੀ ਨੂੰ ਆਪਣਾ ਕਰੱਤਵ ਅਤੇ ਸੱਚੀ-ਸੁੱਚੀ ਕਿਰਤ ਮੰਨਦੇ ਹਨ ਅਤੇ ਹਰ ਕਰਮਚਾਰੀ ਨੂੰ ਡਿਊਟੀ ਪ੍ਰਤੀ ਇਮਾਨਦਾਰ ਰਹਿਣ ਦੀ ਨਸੀਹਤ ਵੀ ਅਕਸਰ ਦਿੰਦੇ ਹਨ ਇਸ ਤਰ੍ਹਾਂ ਲੱਗਦਾ ਹੈ ਕਿ ਭੰਡਾਲ ਪੁਲਿਸ ਪ੍ਰਸ਼ਾਸਨ ਦਾ ਵਿਸ਼ਵਾਸ਼ ਵੀ ਆਪਣੇ ਕੱਦ ਵਾਂਗੂ ਲੋਕਾਂ ਵਿਚ ਵੱਡਾ ਕਰਨਾ ਚਾਹੁੰਦੇ ਹਨ ਪਿਛਲੇ ਸਾਲ ਲਾਕਡਾਉਨ ਤੋਂ ਕੁੱਝ ਸਮਾਂ ਪਹਿਲਾਂ ਹੀ ਪਰਮਿੰਦਰ ਸਿੰਘ ਭੰਡਾਲ ਨੂੰ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਵਿਚ ਬਤੌਰ ਏਡੀਸੀਪੀ ਟ੍ਰੈਫਿਕ ਨਿਯੁਕਤ ਕੀਤਾ ਗਿਆ, ਉਸ ਸਮੇਂ ਵਿਚ ਲੋਕਾਂ ਦੀ ਮੁੱਢਲੀਆਂ ਜਰੂਰਤਾਂ ਜਿਨ੍ਹਾਂ ਵਿਚ ਸੁੱਕਾ ਰਾਸ਼ਨ ਅਤੇ ਲੰਗਰ ਦੀ ਸੇਵਾ ਨੂੰ ਆਪਣਾ ਫਰਜ ਕੇ ਲੋਕਾਂ ਦੇ ਘਰਾਂ ਤੱਕ ਪਹੁੰਚਾਇਆ ਬਤੌਰ ਖਿਡਾਰੀ ਅਤੇ ਅਧਿਕਾਰੀ ਦੋਵਾਂ ਮੈਦਾਨਾਂ ਵਿਚ ਕਾਮਯਾਬੀ ਦਾ ਨਾਂ ਪੀਪੀਐਸ ਪਰਮਿੰਦਰ ਸਿੰਘ ਭੰਡਾਲ ਹੈ ਪੁਲਿਸ ਪ੍ਰਸ਼ਾਸਨ ਦੀ ਸਮੁੱਚੀ ਟੀਮ ਨਾਲ ਆਪਣੇ ਪਰਿਵਾਰ ਦੀ ਤਰ੍ਹਾਂ ਹੀ ਰਹਿੰਦੇ ਹਨ, ਉਹ ਕਹਿੰਦੇ ਹਨ ਕਿ ਜਦੋਂ ਆਪਣੀ ਟੀਮ ਦਾ ਕਪਤਾਨ ਸੀ ਤਾਂ ਸਾਰੀ ਦੁਨੀਆਂ ਵਿਚ ਆਪਣੇ ਜੋਹਰ ਦਿਖਾਉਣ ਦਾ ਮੌਕਾ ਮਿਲਿਆ ਅਤੇ ਸਾਰੇ ਖਿਡਾਰੀ ਦੇਸ਼ ਦੇ ਵੱਖ-ਵੱਖ ਕੋਨੇ ਵਿਚੋਂ ਸਨ ਸਾਰਿਆਂ ਨੂੰ ਇੱਕਠਿਆਂ ਕਰਕੇ ਚੱਲਣਾ ਸੌਖੀ ਗੱਲ ਨਹੀ ਸੀ ਪਰ ਫਿਰ ਵੀ ਸਾਰਿਆਂ ਨੂੰ ਨਾਲ ਲੈ ਕੇ ਚੱਲਦਾ ਰਿਹਾ ਇਸੇ ਤਰ੍ਹਾਂ ਪੁਲਿਸ ਪ੍ਰਸ਼ਾਸਨ ਦੀ ਸਮੁੱਚੀ ਅਧਿਕਾਰੀਆਂ ਕਰਮਚਾਰੀਆਂ ਨੂੰ ਇਕੱਠਾ ਕਰਕੇ ਚੱਲਦਾ ਹਾਂ ਜਿਸ ਨਾਲ ਸਾਰੇ ਹੀ ਕੰਮ ਨੇਪਰੇ ਚੜ੍ਹਦੇ ਹਨ ਪੁਲਿਸ ਅਤੇ ਆਮ ਜਨਤਾ ਵਿਚ ਅਜਿਹਾ ਦੋਸਤਾਨਾ ਅਤੇ ਪਿਆਰ ਵਾਲਾ ਮਾਹੌਲ ਬਣਾਇਆ ਹੈ ਤਾਂ ਜੋ ਲੋਕ ਆ ਕੇ ਆਪਣੀ ਸਮੱਸਿਆਵਾਂ ਬੇਖੌਫ ਹੋ ਕੇ ਦੱਸ ਸਕਣ ਅਤੇ ਮਾੜੇ ਅਨਸਰ ਕੁਝ ਇਸ ਤਰਾਂ ਦਾ ਮਾਹੌਲ਼ ਰਚਿਆ ਹੈ ਕਿ ਉਹ ਪੁਲਿਸ ਪ੍ਰਸ਼ਾਸਨ ਤੋਂ ਥਰ-ਥਰ ਕੰਬਣ ਅਤੇ ਕੋਈ ਵੀ ਅਪਰਾਧ ਕਰਨ ਤੋਂ ਪਹਿਲਾਂ ਉਹ ਸੋ ਵਾਰ ਸੋਚਣ ਸਮਾਜ ਵਿਚ ਵਧੀਆ ਆਪਣੇ ਕੰਮ ਪ੍ਰਤੀ ਵਧੀਆ ਕਾਰਗੁਜਾਰੀ ਨੂੰ ਦੇਖਦਿਆਂ ਪੰਜਾਬ ਸਰਕਾਰ ਵਲੋਂ ਪਰਮਿੰਦਰ ਸਿੰਘ ਭੰਡਾਲ ਨੂੰ ਅੰਮ੍ਰਿਤਸਰ ਵਿਚ ਹੀ ਬਤੌਰ ਡੀਸੀਪੀ ਲਾਅ ਐਂਡ ਆਰਡਰ ਤਾਇਨਾਤ ਕਰ ਦਿੱਤਾ ਜੋ ਕਿ ਆਪਣੀ ਜਿੰਮੇਵਾਰੀ ਨੂੰ ਬਖੂਬੀ ਨਿਭਾ ਰਹੇ ਹਨ ◆ ਕੱਲ ਇਹਨਾਂ ਵੱਲੋਂ ਨਿਬਾਈਆਂ ਗਈਆ ਸਲਾਘਾਯੋਗ ਪ੍ਰਾਪਤੀਆਂ ਅਤੇ ਜ਼ਿਲ੍ਹਾ ਪੁਲਿਸ ਵਿੱਚ ਇਮਾਨਦਾਰੀ ਨਾਲ ਨਿਬਾਈ ਗਈ ਡਿਊਟੀ ਸਦਕਾ ਵਿਸ਼ੇਸ ਤੌਰ ਤੇ ਸਨਮਾਨਿਤ ਕੀਤਾ ਜਾਵੇਗਾ।





# ਸਿੱਖ ਭਾਈਚਾਰੇ ਲਈ ਮੇਰੇ ਘਰ ਦੇ ਦਰਵਾਜ਼ੇ ਹਮੇਸ਼ਾਂ ਖੁੱਲ੍ਹੇ : ਪ੍ਰਧਾਨ ਮੰਤਰੀ ਨਰਿੰਦਰ ਮੋਦੀ

## ਸਿੱਖ ਭਾਈਚਾਰੇ ਪ੍ਰਤੀ ਦਿਖਾਈ ਗਈ ਜਾ ਰਹੀ ਸੁਹਿਰਦ ਭਾਵਨਾ ਨੂੰ ਉਤਸ਼ਾਹਿਤ ਕਰਨ ਲਈ ਸਿੱਖ ਸਮਾਜ ਦੇ ਸੰਤਾਂ ਮਹਾਂਪੁਰਸ਼ਾਂ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਕੀਤਾ ਗਿਆ ਸਨਮਾਨ

ਲੁਧਿਆਣਾ/ਸੁਖਚੈਨ ਮਹਿਰਾ, ਕਰਨ ਅੱਗਰਵਾਲ

ਹਲਕਾ ਲੁਧਿਆਣਾ ਉੱਤਰੀ ਤੋਂ ਵਿਧਾਇਕ ਸ੍ਰੀ ਮਦਨ ਲਾਲ ਬੱਗਾ, ਲੁਧਿਆਣਾ ਪੱਛਮੀ ਤੋਂ ਸ੍ਰੀ ਗੁਰਪ੍ਰੀਤ ਬੱਸੀ ਗੋਗੀ, ਹਲਕਾ ਕੇਂਦਰੀ ਤੋਂ ਸ੍ਰੀ ਅਸ਼ੋਕ ਪਰਾਸ਼ਰ ਪੱਪੀ, ਲੁਧਿਆਣਾ ਦੇ ਡਿਪਟੀ ਕਮਿਸ਼ਨਰ ਸ੍ਰੀਮਤੀ ਸੁਰਭੀ ਮਲਿਕ, ਪੁਲਿਸ ਕਮਿਸ਼ਨਰ ਡਾ. ਕੌਸਤੁਭ ਸ਼ਰਮਾ ਅਤੇ ਵਧੀਕ ਡਿਪਟੀ ਕਮਿਸ਼ਨਰ ਖੰਨਾ ਸ੍ਰੀ ਅਮਰਜੀਤ ਬੈਂਸ ਵੱਲੋਂ ਅੱਜ ਲੁਧਿਆਣਾ ਦੇ ਲੋਕਾਂ ਨੂੰ ਇੱਕ ਸਿਹਤਮੰਦ ਅਤੇ ਖੁਸ਼ਹਾਲ ਜੀਵਨ ਲਈ ਰੋਜ਼ਮਰਾ ਜਿੰਦਗੀ ਵਿੱਚ ਯੋਗ ਨੂੰ ਆਪਣਾ ਅਨਿੱਖੜਵਾਂ ਅੰਗ ਬਣਾਉਣ ਦਾ ਸੱਦਾ ਦਿੱਤਾ ਹੈ।

ਅੱਜ ਸਥਾਨਕ ਨਹਿਰੂ ਰੋਜ਼ ਗਾਰਡਨ ਅਤੇ ਗੁਰੂ ਨਾਨਕ ਸਟੇਡੀਅਮ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਕਰਵਾਏ ਗਏ ਜ਼ਿਲ੍ਹਾ ਪੱਧਰੀ ਸਮਾਗਮਾਂ ਦੌਰਾਨ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਭਾਰਤ ਵਿੱਚ ਯੁਗਾਂ ਤੋਂ ਯੋਗ ਇੱਕ ਸਿਹਤਮੰਦ ਅਤੇ ਪ੍ਰਗਤੀਸ਼ੀਲ ਜੀਵਨ ਦੀ ਪਰੰਪਰਾ ਰਹੀ ਹੈ ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿੱਚ ਜਦੋਂ ਤਣਾਅਪੂਰਨ ਜੀਵਨ ਵਿੱਚ ਵੱਖ-ਵੱਖ ਬਿਮਾਰੀਆਂ ਮਨੁੱਖੀ ਜੀਵਨ ਲਈ ਗੰਭੀਰ ਖਤਰਾ ਪੈਦਾ ਕਰ ਰਹੀਆਂ ਹਨ ਤਾਂ ਯੋਗ ਰਾਜ ਮਨੁੱਖ ਨੂੰ ਰੋਗ ਮੁਕਤ ਅਤੇ ਸਿਹਤਮੰਦ ਬਣਾਉਣ ਵਿੱਚ ਬਹੁਤ ਸਹਾਈ ਹੋ ਸਕਦਾ ਹੈ ਉਨ੍ਹਾਂ ਲੋਕਾਂ ਨੂੰ ਇਹ ਵੀ ਪ੍ਰੇਰਿਆ ਕਿ ਉਹ ਰੋਜ਼ਾਨਾ ਘੱਟੋ-ਘੱਟ ਇੱਕ ਘੰਟਾ ਯੋਗ ਕਰਨ ਤਾਂ ਜੋ ਉਹ ਸਿਹਤਮੰਦ ਜੀਵਨ ਦਾ ਲਾਭ ਉਠਾ ਸਕਣ।



ਇਸ ਦੌਰਾਨ ਗੁਰੂ ਨਾਨਕ ਸਟੇਡੀਅਮ ਵਿਖੇ ਬ੍ਰਹਮਾ ਕੁਮਾਰੀ ਸੰਸਥਾ ਵੱਲੋਂ ਨਸ਼ਿਆਂ ਦੇ ਕੋਹੜ ਤੋਂ ਪਾਸਾ ਵੱਟਣ ਦੇ ਸੁਨੇਹੇ ਵਾਲੇ ਗੁਬਾਰੇ ਛੱਡ ਕੇ ਨਸ਼ਾ ਵਿਰੋਧੀ ਮੁਹਿੰਮ ਵੀ ਚਲਾਈ ਗਈ ਸਮਾਜ ਵਿੱਚੋਂ ਨਸ਼ਿਆਂ ਦੀ ਅਲਾਮਤ ਨੂੰ ਜੜ੍ਹੋਂ ਖ਼ਤਮ ਕਰਨ ਦੇ ਉਦੇਸ਼ ਨਾਲ ਇਸ ਮੁਹਿੰਮ ਨੂੰ 300 ਪਿੰਡਾਂ ਤੱਕ ਅੱਗੇ ਵਧਾਇਆ ਜਾਵੇਗਾ।

ਵਧੇਰੇ ਜਾਣਕਾਰੀ ਦਿੰਦਿਆਂ ਬ੍ਰਹਮਾ ਕੁਮਾਰੀ ਸੰਸਥਾ ਦੇ ਜ਼ਿਲ੍ਹਾ ਇੰਚਾਰਜ ਬੀ.ਕੇ. ਭੈਣ ਸਰਸਵਤੀ ਨੇ ਦੱਸਿਆ ਕਿ ਇਸ ਮੁਹਿੰਮ ਤਹਿਤ ਜ਼ਿਲ੍ਹੇ ਭਰ ਵਿੱਚ ਹਰ ਹਫ਼ਤੇ ਚਾਰ ਰੋਜ਼ਾ ਪ੍ਰੋਗਰਾਮ ਕਰਕੇ ਨਸ਼ਿਆਂ ਖ਼ਿਲਾਫ਼ ਜਾਗਰੂਕਤਾ ਪੈਦਾ ਕੀਤੀ ਜਾਵੇਗੀ ਅਤੇ ਇਹ ਪ੍ਰੋਗਰਾਮ ਸਰਕਾਰੀ ਪੁਨਰਵਾਸ ਕੇਂਦਰਾਂ ਵਿੱਚ ਵੀ ਕਰਵਾਇਆ ਜਾਵੇਗਾ ਉਨ੍ਹਾਂ ਕਿਹਾ ਕਿ ਹਰੇਕ ਵਿਅਕਤੀ ਦੇ ਸਾਂਝੇ ਯਤਨਾਂ ਨਾਲ ਹੀ ਸਮਾਜ ਵਿੱਚੋਂ ਇਸ ਖ਼ਤਰੇ ਨੂੰ ਜੜ੍ਹੋਂ ਖ਼ਤਮ ਕੀਤਾ ਜਾ ਸਕਦਾ ਹੈ ਸਮਾਗਮ ਦੌਰਾਨ ਮੁੱਖ ਬੁਲਾਰੇ ਸਾਈਕੋਥੈਰੇਪਿਸਟ, ਅੰਤਰਰਾਸ਼ਟਰੀ ਟ੍ਰੇਨਰ ਡਾ. ਗਿਰੀਸ਼ ਡੀ. ਪਟੇਲ ਨੇ ਵੀ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਵਿਗਿਆਨਕ ਦ੍ਰਿਸ਼ਟੀਕੋਣ ਸਾਂਝੇ ਕੀਤੇ ਜਦਕਿ ਇੰਡੀਆਜ਼ ਗੌਟ ਟੈਲੈਂਟ ਪ੍ਰਤੀਯੋਗੀ ਜੇ.ਪੀ. ਡਾਂਸ ਅਕੈਡਮੀ ਨੇ ਨਸ਼ਾ ਏਕ ਸਜਾ ਹੈ ਗੀਤ ਪੇਸ਼ ਕੀਤਾ ਇਸ ਮੌਕੇ ਜ਼ਿਲ੍ਹਾ ਖੇਡ ਅਫ਼ਸਰ ਸ੍ਰੀ ਰਵਿੰਦਰ ਸਿੰਘ, ਖ਼ਾਲਸਾ ਕਾਲਜ ਫ਼ਾਰ ਵੂਮੈਨ ਦੇ ਪ੍ਰਿੰਸੀਪਲ ਡਾ. ਮੁਕਤੀ ਗਿੱਲ ਅਤੇ ਹੋਰ ਵੀ ਹਾਜ਼ਰ ਸਨ।

ਇਹ ਸਮਾਗਮ ਬ੍ਰਹਮਾ ਕੁਮਾਰੀ, ਪਤੰਜਲੀ ਯੋਗ ਸਮਿਤੀ, ਸ਼੍ਰੀ ਵਿਵੇਕਾਨੰਦ ਸਵਰਗ ਆਸ਼ਰਮ ਟਰੱਸਟ, ਆਤਮ ਚੈਨਲ, ਐਵਰੈਸਟ ਇੰਸਟੀਚਿਊਟ ਆਫ ਯੋਗਾ, ਪੰਜਾਬ ਯੋਗਾਸਨਾ ਸਪੋਰਟਸ ਐਸੋਸੀਏਸ਼ਨ, ਪੀ.ਕਿਊ.ਐਮ.ਐਸ. ਯੋਗਾ ਸਰਟੀਫਿਕੇਸ਼ਨ ਬਾਡੀ, ਅਮੋਲ ਲੇਡੀਜ਼ ਕਲੱਬ, ਨਹਿਰੂ ਯੁਵਾ ਕੇਂਦਰ, ਯੋਗਾ ਸੋਸਾਇਟੀ ਆਫ਼ ਪੰਜਾਬ, ਐਸ.ਬੀ.ਐਸ. ਸਿਨੇਟਿਕ ਕਾਲਜ, ਸ਼ਕਤੀ ਨਗਰ ਯੋਗ ਸਮਿਤੀ ਅਤੇ ਹੋਰ ਵੱਖ-ਵੱਖ ਗੈਰ-ਸਰਕਾਰੀ ਸੰਸਥਾਵਾਂ ਦੇ ਸਹਿਯੋਗ ਨਾਲ ਕਰਵਾਏ ਗਏ।

ਨਹਿਰੂ ਰੋਜ਼ ਗਾਰਡਨ ਵਿਖੇ ਆਤਮਾ ਚੈਨਲ ਅਤੇ ਆਰਟ ਆਫ਼ ਲਿਵਿੰਗ ਅਤੇ ਗੈਰ ਸਰਕਾਰੀ ਸੰਗਠਨ ਸਿਟੀ ਨੀਡਜ਼ ਵੱਲੋਂ ਇੱਕ ਹੋਰ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਡਿਪਟੀ ਕਮਿਸ਼ਨਰ ਸ੍ਰੀਮਤੀ ਸੁਰਭੀ ਮਲਿਕ, ਪੁਲਿਸ ਕਮਿਸ਼ਨਰ ਡਾ.ਕੌਸਤੁਭ ਸ਼ਰਮਾ ਨੇ ਅੱਜ ਦੇ ਸੁ?ਭ ਦਿਹਾੜੇ ਮੌਕੇ ਵਾਤਾਵਰਣ ਦੀ ਸੁਰੱਖਿਆ ਨੂੰ ਉਤਸ਼ਾਹਿਤ ਕਰਨ ਲਈ ਬੂਟੇ ਲਗਾਏ ਉਨ੍ਹਾਂ ਕਿਹਾ ਕਿ ਸਿਹਤਮੰਦ ਸਰੀਰ ਲਈ ਯੋਗਾ ਜ਼ਰੂਰੀ ਹੈ ਇਸ ਲਈ ਸਮਾਜ ਲਈ ਸਾਫ਼-ਸੁਥਰਾ, ਹਰਿਆ ਭਰਿਆ ਅਤੇ ਪ੍ਰਦੂਸ਼ਣ ਰਹਿਤ ਵਾਤਾਵਰਨ ਜ਼ਰੂਰੀ ਹੈ ਅਤੇ ਉਨ੍ਹਾਂ ਸਮੂਹ ਸ਼ਹਿਰ ਵਾਸੀਆਂ ਨੂੰ ਇਸ ਬਰਸਾਤ ਦੇ ਮੌਸਮ ਦੌਰਾਨ ਲੁਧਿਆਣਾ ਨੂੰ ਹਰਿਆ ਭਰਿਆ ਸ਼ਹਿਰ ਬਣਾਉਣ ਲਈ ਵੱਧ ਤੋਂ ਵੱਧ ਰੁੱਖ ਲਗਾਉਣ ਦਾ ਸੱਦਾ ਦਿੱਤਾ।

ਇਸੇ ਤਰ੍ਹਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਲਾਇਨਜ਼ ਭਵਨ ਲੁਧਿਆਣਾ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਹੋਰ ਸਮਾਗਮ ਕਰਵਾਏ ਗਏ ਇਨ੍ਹਾਂ ਸਮਾਗਮਾਂ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ, ਪੁਲਿਸ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਅਤੇ ਵੱਖ-ਵੱਖ ਗੈਰ ਸਰਕਾਰੀ ਸੰਸਥਾਵਾਂ ਦੇ ਵਲੰਟੀਅਰਾਂ ਨੇ ਮਾਹਿਰ ਟ੍ਰੇਨਰਾਂ ਦੀ ਅਗਵਾਈ ਹੇਠ ਯੋਗ ਅਭਿਆਸ ਕੀਤਾ।

# ਖੇਤਾਂ ਵਿੱਚ ਪਾਣੀ ਹੀ ਪਾਣੀ ਹੋਇਆ ਭਾਰੀ ਬਾਰਸ਼ ਨਾਲ ਕਿਸਾਨ ਹੋਏ ਬਾਗ਼ੋਂ ਬਾਗ ਕਿਸਾਨਾਂ ਦੇ ਚਿਹਰਿਆਂ ਤੇ ਰੌਣਕ ਪਰ ਲੇਬਰ ਦੀ ਕਮੀ





ਫ਼ਰੀਦਕੋਟ/ਜਸਵਿੰਦਰ ਸਿੰਘ ਬਰਾੜ ਸਾਧਾਂਵਾਲਾ

ਜ਼ਿਲ੍ਹਾ ਫ਼ਰੀਦਕੋਟ ਨਾਲ ਸਬੰਧਤ ਸਰਕਲ ਗੋਲੇ ਵਾਲਾ ਦੇ ਕਾਫੀ ਪਿੰਡਾਂ ਵਿੱਚ ਰਾਤ ਨੂੰ ਬਹੁਤ ਹੀ ਜੋਰਦਾਰ ਵਰਖਾ ਹੋਈ ਹੈ ਇਸ ਵਰਖਾ ਨੇ ਕਿਸਾਨਾਂ ਦੇ ਚਿਹਰਿਆਂ ਤੇ ਇੱਕ ਵਾਰ ਰੌਣਕ ਲਿਆ ਦਿੱਤੀ ਹੈ ਕਿਉਂਕਿ ਝੋਨੇ ਦੀ ਲਵਾਈ ਪੂਰੇ ਜ਼ੋਰਾਂ ਤੇ ਚੱਲ ਰਹੀ ਹੈ ਕਿਸਾਨਾਂ ਝੋਨਾ ਲਾਉਣ ਲਈ ਬਹੁਤ ਮਹਿੰਗੇ ਭਾਅ ਦਾ ਡੀਜ਼ਲ ਬਾਲਣਾ ਪੈ ਰਿਹਾ ਸੀ ਜੋ ਕਿ ਇੰਦਰ ਦੇਵਤੇ ਨੇ ਨਿਹਾਲ ਹੋ ਕੇ ਕਿਸਾਨਾਂ ਦਾ ਕਾਫੀ ਹੱਦ ਤੱਕ ਭਾਰ ਹੌਲਾ ਕਰ ਦਿੱਤਾ ਹੈ ਅਤੇ ਦੂਜੇ ਪਾਸੇ ਝੋਨਾ ਲਾਉਣ ਵਾਲੇ ਮਜ਼ਦੂਰਾਂ ਦਾ ਵੀ ਜ਼ੋਰਾਂ ਨਾਲ ਕੰਮ ਚੱਲ ਪਿਆ ਹੈ ਪਰ ਕਿਸਾਨਾਂ ਨੂੰ ਝੋਨਾ ਲਾਉਣ ਲਈ ਹੁਣ ਲੇਬਰ ਦੀ ਭਾਰੀ ਕਮੀ ਆ ਗਈ ਹੈ ਕਿਉਂਕਿ ਵਰਖਾ ਨਾਲ ਹਰੇਕ ਕਿਸਾਨ ਝੋਨੇ ਲਾਉਣ ਲਈ ਤਿਆਰ ਹੋ ਗਿਆ ਹੈ ਪਹਿਲਾਂ ਕੁਝ ਗਰਮੀ ਦੀ ਦਿੱਕਤ ਨਾਲ ਕਿਸਾਨ ਝੋਨਾ ਲਾਉਣ ਵਿਚ ਪਛੜੇ ਹੋਏ ਸਨ ਹੁਣ ਪ੍ਰਮਾਤਮਾ ਵੱਲੋਂ ਇੱਕ ਤਾਂ ਪਹਿਲਾਂ ਗਰਮੀ ਬਹੁਤ ਸੀ ਦੂਜਾ ਖੇਤਾਂ ਵਿੱਚ ਝੋਨਾ ਲਾਉਣ ਲਈ ਪਾਣੀ ਨਹੀਂ ਸੀ ਪੂਰਾ ਮਿਲਦਾ ਇਸ ਲਈ ਝੋਨਾ ਲਾਉਣ ਦਾ ਕੰਮ ਬਹੁਤ ਹੋਲੀ ਹੋਲੀ ਚੱਲ ਦਾ ਸੀ ਅੱਜ ਸਵੇਰੇ ਜਦੋਂ ਕਈ ਪਿੰਡਾਂ ਦੇ ਖੇਤਾਂ ਵਿੱਚ ਜਾ ਦੇਖਿਆ ਤਾਂ ਦੂਰ ਦੂਰ ਤੱਕ ਪਾਣੀ ਹੀ ਪਾਣੀ ਨਜ਼ਰ ਆਉਂਦਾ ਸੀ ਉਹ ਪਿੰਡ ਹਨ ਡੱਲੇਵਾਲਾ, ਘੋਨੀ ਵਾਲਾ, ਪੱਖੀ ਖ਼ੁਰਦ,ਨੱਥਲ ਵਾਲਾ, ਸਾਧਾਂ ਵਾਲਾ, ਝਾੜੀ ਵਾਲਾ, ਗੋਲੇ ਵਾਲਾ ਆਦਿ ਵਰਖਾ ਇੰਨੀ ਜ਼ੋਰ ਦੀ ਹੋਈ ਕਿ ਸਭ ਕਿਸਾਨਾਂ ਦੇ ਖੇਤਾਂ ਦੀਆਂ ਵੱਟਾਂ,ਖਾਲੇ ਇੱਕ ਕਰ ਦਿੱਤੇ ਇਸ ਸਮੇਂ ਪਿੱਛੇ ਜਾਣ ਤੇ ਪਿੰਡ ਸਾਧਾਂਵਾਲਾ ਦੇ ਅਗਾਂਹਵਧੂ ਕਿਸਾਨ ਜਸਵੰਤ ਸਿੰਘ ਬਰਾੜ? ਨੇ ਦੱਸਿਆ ਕਿ ਹੁਣ ਤਾਂ ਰੱਬ ਮੇਹਰ ਹੀ ਰੱਖੇ ਬਹੁਤ ਮੀਂਹ ਪੈ ਗਿਆ ਹੈ ਇਸ ਸਮੇਂ ਪੈਣ ਵਾਲ਼ੀ ਵਰਖਾ ਨੇ ਕਿਸਾਨਾਂ ਦਾ ਲੱਖਾਂ ਰੁਪਏ ਦਾ ਫਾਇਦਾ ਕਰ ਦਿੱਤਾ ਹੈ ਨਹੀਂ ਤਾਂ ਕਿਸਾਨਾਂ ਨੂੰ ਖੇਤਾਂ ਵਿੱਚ ਝੋਨਾ ਲਾਉਣ ਲਈ ਬਹੁਤ ਮਹਿੰਗੇ ਭਾਅ ਦਾ ਡੀਜ਼ਲ ਬਾਲਣਾ ਪੈਣਾ ਸੀ ਇਲਾਕੇ ਭਰ ਦੇ ਕਿਸਾਨਾਂ ਵੱਲੋਂ ਵਾਹਿਗੁਰੂ ਦਾ ਕੋਟਿ ਕੋਟਿ ਵਾਰ ਸ਼ੁਕਰਾਨਾ ਕੀਤਾ ਜਾਂਦਾ ਹੈ।

# ਪ੍ਰਧਾਨ ਮੰਤਰੀ ਦੇ ਅਣਥੱਕ ਯਤਨਾਂ ਸਦਕਾ ਪੂਰੀ ਦੁਨੀਆ ਨੇ ਯੋਗ ਦੀ ਮਹੱਤਤਾ ਨੂੰ ਸਵੀਕਾਰਿਆ : ਰਾਜੇਸ਼ ਪਾਸੀ



ਕਪੂਰਥਲਾ/ਪਰਮਜੀਤ ਸੰਨੀ- ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਗੋਬਿੰਦ ਗੌਧਾਮ ਗਊਸ਼ਾਲਾ ਵਿਖੇ ਭਾਜਪਾ ਵਰਕਰਾਂ ਨੇ ਮੰਡਲ ਪ੍ਰਧਾਨ ਚੇਤਨ ਸੂਰੀ ਦੀ ਅਗਵਾਈ ਹੇਠ ਯੋਗ ਅਭਿਆਸ ਕਰਕੇ ਯੋਗ ਦਿਵਸ ਮਨਾਇਆ ਗਿਆ ਇਸ ਮੌਕੇ ਭਾਜਪਾ ਦੇ ਸੂਬਾ ਕਾਰਜਕਾਰਨੀ ਮੈਂਬਰ ਪਰਸ਼ੋਤਮ ਪਾਸੀ,ਸੂਬਾ ਕਾਰਜਕਾਰਨੀ ਮੈਂਬਰ ਉਮੇਸ਼ ਸ਼ਾਰਦਾ ਤੇ ਮੈਡੀਕਲ ਸੈੱਲ ਦੇ ਸੂਬਾ ਕਨਵੀਨਰ ਡਾ.ਰਣਵੀਰ ਕੌਸ਼ਲ ਵਿਸ਼ੇਸ਼ ਤੌਰ @ਤੇ ਹਾਜ਼ਰ ਹੋਏ ਇਸ ਪ੍ਰੋਗਰਾਮ ਵਿੱਚ ਭਾਜਪਾ ਐਸ.ਸੀ ਮੋਰਚਾ ਦੇ ਨਿਰਮਲ ਸਿੰਘ ਨਾਹਰ ਵੱਲੋਂ ਸਿਖਲਾਈ ਦਿੱਤੀ ਗਈ ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਰਾਜੇਸ਼ ਪਾਸੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੇ ਅਣਥੱਕ ਯਤਨਾਂ ਸਦਕਾ ਪੂਰੀ ਦੁਨੀਆ ਨੇ ਯੋਗ ਦੀ ਮਹੱਤਤਾ ਨੂੰ ਸਵੀਕਾਰਿਆ ਅਤੇ ਅਪਣਾਇਆ ਹੈ ਅਤੇ ਇਸ ਨੂੰ ਪੂਰੀ ਦੁਨੀਆ ਵਿੱਚ ਅਪਣਾਇਆ ਜਾ ਰਿਹਾ ਹੈ ਸਾਨੂੰ ਸਾਰੀਆਂ ਨੂੰ ਯੋਗ ਨੂੰ ਅਪਣਾ ਕੇ ਸਿਹਤਮੰਦ ਰਹਿਣ ਦਾ ਪ੍ਰਣ ਲੈਕੇ ਇੱਕ ਸਿਹਤਮੰਦ ਭਾਰਤ ਦਾ ਨਿਰਮਾਣ ਕਰਨਾ ਚਾਹੀਦਾ ਹੈ ਉਨ੍ਹਾਂ ਕਿਹਾ ਕਿ ਯੋਗ ਸਰੀਰ ਦੇ ਨਾਲ-ਨਾਲ ਮਨ,ਬੁੱਧੀ ਅਤੇ ਇੰਦਰੀਆਂ ਨੂੰ ਸ਼ੁੱਧ ਕਰਦਾ ਹੈ ਯੋਗ ਦਾ ਸਿੱਧਾ ਅਤੇ ਸਰਲ ਅਰਥ ਜੋੜਨਾ ਹੈ ਪਾਸੀ ਨੇ ਕਿਹਾ ਕਿ ਯੋਗਾ ਦੀ ਸ਼ੁਰੂਆਤ ਮਹਾਯੋਗੀ ਦੇਵਾਧੀ ਦੇਵ ਮਹਾਦੇਵ ਨੇ ਕੀਤੀ ਸੀ ਪਾਸੀ ਨੇ ਕਿਹਾ ਕਿ ਇਸ ਯੋਗਾ ਦਾ ਪ੍ਰਚਾਰ ਰਿਸ਼ੀ ਮਹਾਪੁਰਖਾਂ ਨੇ ਕੀਤਾ ਪਾਸੀ ਨੇ ਕਿਹਾ ਕਿ ਇਸ ਰਿਸ਼ੀ-ਮੁਨੀਆਂ ਵਲੋਂ ਇਸ ਯੋਗਾ ਦਾ ਪ੍ਰਚਾਰ ਹੋਇਆ ਮਹਾਰਿਸ਼ੀ ਪਤੰਜਲੀ ਨੇ ਯੋਗਾ ਦੀ ਕਦਰ ਕੀਤੀ @ਤੇ ਸਹਜ ਤੇ ਸਰਲਤਾ ਨਾਲ ਯੋਗ ਨੂੰ ਅੰਤਰਰਾਸ਼ਟਰੀ ਪੱਧਰ @ਤੇ ਲਿਜਾਉਣ ਲਈ 21 ਜੂਨ ਨੂੰ ਯੋਗ ਦਿਵਸ ਵਜੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭੂਮਿਕਾ ਨਿਭਾਈ ਇਸ ਮੌਕੇ ਭਾਜਪਾ ਮੰਡਲ ਪ੍ਰਧਾਨ ਚੇਤਨ ਸੂਰੀ ਨੇ ਯੋਗਾ ਦਿਵਸ ਪਰੋਗਰਾਮ ਨੂੰ ਸਫਲ ਬਣਾਉਣ ਲਈ ਭਾਜਪਾ ਆਗੂਆਂ ਤੇ ਵਰਕਰਾਂ ਦਾ ਧੰਨਵਾਦ ਕੀਤਾ ਇਸ ਮੌਕੇ ਸੰਘ ਦੇ ਸੀਨੀਅਰ ਆਗੂ ਅਸ਼ੋਕ ਗੁਪਤਾ,ਭਾਜਪਾ ਦੇ ਸੂਬਾ ਕਾਰਜਕਾਰਨੀ ਮੈਂਬਰ ਯਗਦੱਤ ਐਰੀ,ਜ਼ਿਲ੍ਹਾ ਜਨਰਲ ਸਕੱਤਰ ਐਡਵੋਕੇਟ ਚੰਦਰ ਸ਼ੇਖਰ,ਜ਼ਿਲ੍ਹਾ ਸਕੱਤਰ ਰਿੰਪੀ ਸ਼ਰਮਾ,ਮਹਿਲਾ ਮੋਰਚਾ ਪ੍ਰਧਾਨ ਰੀਆ ਮਹਾਜਨ,ਅਸ਼ਵਨੀ ਭੋਲਾ,ਮੰਡਲ ਉਪ ਪ੍ਰਧਾਨ ਰਾਜੇਸ਼ ਬੱਗਾ,ਮੰਡਲ ਉਪ ਪ੍ਰਧਾਨ ਧਰਮਬੀਰ ਬੌਬੀ,ਕੁਮਾਰ ਗੌਰਵ ਮਹਾਜਨ, ਵਿਸ਼ਾਲ ਸੋਂਧੀ,ਰਵਿੰਦਰ ਸ਼ਰਮਾ,ਇੰਦਰਜੀਤ ਪਸਰੀਚਾ,ਅਸ਼ਵਨੀ ਤੁਲੀ,ਸੁਸ਼ੀਲ ਭੱਲਾ,ਸੰਦੀਪ ਵਾਲੀਆ,ਕਮਲਜੀਤ ਪ੍ਰਭਾਕਰ ਸਮੇਤ ਵੱਡੀ ਗਿਣਤੀ ਵਿਚ ਔਰਤਾਂ ਵੀ ਹਾਜ਼ਰ ਸਨ।

# ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵਲੋਂ ਲੈਪਰੋਸੀ (ਕੁਸ਼ਟ) ਕਾਲੋਨੀ, ਬਟਾਲਾ ਵਿਖੇ 60 ਹਾਈਜੈਨਿਕ ਕਿੱਟਾਂ ਵੰਡੀਆਂ



**ਗੁਰਦਾਸਪੁਰ-ਨਵਨੀਤ ਕੁਮਾਰ**

ਡਿਪਟੀ ਕਮਿਸ਼ਨਰ ਗੁਰਦਾਸਪੁਰ ਜਨਾਬ ਮੁਹੰਮਦ ਇਸ਼ਫਾਕ ਦੀ ਅਗਵਾਈ ਹੇਠ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਗੁਰਦਾਸਪੁਰ ਵਲੋਂ ਲੋੜਵੰਦ ਲੋਕਾਂ ਦੀ ਕੀਤੀ ਜਾ ਰਹੀ ਮਦਦ ਤਹਿਤ ਅੱਜ ਲੈਪਰੋਸੀ (ਕੁਸ਼ਟ) ਕਾਲੋਨੀ ਬਟਾਲਾ ਵਿਖੇ 60 ਹਾਈਜੈਨਿਕ ਕਿੱਟਾਂ ਵੰਡੀਆਂ ਗਈਆਂ। ਇਹ ਜਾਣਕਾਰੀ ਦਿੰਦਿਆਂ ਜ਼ਿਲਾ ਰੈੱਡ ਕਰਾਸ ਦੇ ਸੈਕਟਰੀ ਰਾਜੀਵ ਸਿੰਘ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜਿਲਾ ਰੈੱਡ ਕਰਾਸ ਸੁਸਾਇਟੀ ਵਲੋਂ ਲੋੜਵੰਦ ਲੋਕਾਂ ਖਾਸਕਰਕੇ ਝੁੱਗੀ ਝੌਂਪੜੀਆਂ/ਸਲੱਮ ਏਰੀਅ/ਕੁਸ਼ਟ ਆਸ਼ਰਮ ਆਦਿ ਵਿਚ ਰਹਿੰਦੇ ਲੋਕਾਂ ਦੀ ਵੱਧਚੜ੍ਹ ਕੇ ਮਦਦ ਕੀਤੀ ਜਾਂਦੀ ਹੈ। ਉਨਾਂ ਅੱਗੇ ਦੱਸਿਆ ਕਿ ਡਿਪਟੀ ਕਮਿਸ਼ਨਰ ਦੇ ਆਦੇਸ਼ ਤਹਿਤ ਸਰਹੱਦੀ ਖੇਤਰ ਕਲਾਨੌਰ, ਡੇਰਾ ਬਾਬਾ ਨਾਨਕ ਤੇ ਬਹਿਰਾਮਪੁਰ (ਦੀਨਾਨਗਰ) ਦੇ ਪਿੰਡਾਂ ਅੰਦਰ ਮੁਫਤ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ ਅਤੇ ਮਰੀਜਾਂ ਦੀ ਜਾਂਚ ਕਰਕੇ ਉਨਾਂ ਨੂੰ ਮੁਫਤ ਦਵਾਈਆਂ ਵੰਡੀਆਂ ਜਾ ਰਹੀਆਂ ਹਨ॥

# ਆਈ. ਡੀ. ਪੀ. ਐਜੂਕੇਸ਼ਨ ਫਿਰ ਤੋਂ ਸ਼ੁਰੂ ਕਰੇਗਾ ਆਈ. ਡੀ. ਪੀ. ਟਾਕ ਸੀਜਨ 3

ਵਿਦੇਸ਼ ਵਿਚ ਸਿੱਖਿਆ ਸਬੰਧੀ ਸੇਵਾਵਾਂ ਦੇ ਵਿਸ਼ਵ ਪ੍ਰਸਿੱਧ ਸੰਗਠਨ ਆਈ. ਡੀ. ਪੀ. ਐਜੂਕੇਸ਼ਨ ਲਗਾਤਾਰ ਤੀਸਰੀ ਵਾਰ ਆਈ. ਡੀ. ਪੀ. ਟਾਮ ਦਾ ਆਯੋਜਨ ਕਰ ਰਿਹਾ ਹੈ ਜੋ ਇਸਦਾ ਪ੍ਰਸਿੱਧ ਸਮਾਗਮ ਰਿਹਾ ਹੈ ਇਸ ਵਿਚ ਪੂਰੀ ਦੁਨੀਆ ਦੇ ਮਾਹਿਰ ਭਾਗ ਲੈਂ ਕੇ ਕੌਮਾਂਤਰੀ ਸਿੱਖਿਆ ਦੇ ਵਰਤਮਾਨ ਅਤੇ ਹੋਰਨਾਂ ਰੁਝਾਨਾ 'ਤੇ ਆਪਣੀ ਰਾਏ ਦੇਣਗੇ। ਇਹ ਵੈਬੀਨਾਰ 22 ਜੂਨ 2022 ਦੁਪਹਿਰ 1 ਵਜੇ ਤੋਂ ਸ਼ੁਰੂ ਹੋਵੇਗਾ ਇਹ ਮੁੱਖ ਰੂਪ ਨਾਲ ਆਸਟ੍ਰੇਲੀਆ, ਯੂ. ਕੇ., ਯੂ. ਐਸ. ਏ., ਕੈਨੇਡਾ, ਨਿਊਜੀਲੈਂਡ ਅਤੇ ਆਇਰਲੈਂਡ ਵਰਗੇ ਦੇਸ਼ਾਂ ਵਿਚ ਹਾਲ ਦੇ ਵਿਕਾਸ ਦੇ ਘਟਨਾਕ੍ਰਮਾ 'ਤੇ ਕੇਂਦਰਿਤ ਹੋਵੇਗਾ ਜਿਥੇ ਵੱਧ ਤੋਂ ਵੰਧ ਵਿਦਿਆਰਥੀ ਜਾਣਾ ਚਾਹੁੰਦੇ ਹਨ ਮਾਹਿਰਾਂ ਨਾਲ ਗੱਲ ਕਰਨ ਅਤੇ ਨਵੇਂ ਰੁਝਾਨ ਜਾਨਣ, ਪੜਾਈ ਤੋਂ ਬਾਅਦ ਕੰਮ ਦੇ ਮੌਕੇ ਅਤੇ ਵਿਦਿਆਰਥੀਆਂ ਦੇ ਲਈ ਵੀਜਾ ਦੀਆਂ ਨੀਤੀਆਂ ਵਿਚ ਬਦਲਾਅ ਦੀ ਜਾਣਕਾਰੀ ਹਾਸਲ ਕਰਨ ਦਾ ਮੌਕਾ ਹੋਵੇਗਾ ਨਾਲ ਹੀ ਵਿਦਿਆਰਥੀਆਂ ਅਤੇ ਮਾਪਿਆ ਨੂੰ ਉਚ ਸਿੱਖਿਆ ਦੀ ਯੋਜਨਾ ਬਾਰੇ ਆਈ. ਡੀ. ਪੀ. ਦੇ ਮਾਹਿਰਾਂ ਨਾਲ ਗੱਲ ਕਰਨ ਦਾ ਸਾਂਝਾ ਮੰਚ ਵੀ ਹੋਵੇਗਾ। ਇਸ ਸਾਲ ਏਜੰਡਾ ਆਸਟ੍ਰੇਲੀਆ ਵਿਚ ਕੌਮਾਂਤਰੀ ਵਿਦਿਆਰਥੀਆਂ ਲਈ ਸਿੱਖਿਆ ਅਤੇ ਰੁਜਗਾਰ ਦੇ ਉਭਰਦੇ ਰੁਝਾਨ, ਨਿਊਜੀਲੈਂਡ ਵਿਚ ਮਹਾਮਾਰੀ ਤੋਂ ਬਾਅਦ ਅਤੇ ਨਵੇਂ ਪ੍ਰੋਗਰਾਮ ਬਾਰੇ ਵਿਚ ਵਿਦਿਆਰਥੀ ਦੇ ਅਨੁਭਵ, ਆਇਰਲੈਂਡ ਵਿਚ ਟ੍ਰੇਨਿੰਗ ਪ੍ਰੋਗਰਾਮ ਵਿਚ ਵੱਖ ਵੱਖ ਕੈਰੀਅਰ ਦੇ ਮੌਕੇ, ਰਿਕਵਰੀ ਦੇ ਗ੍ਰੋਥ ਤੱਕ ਦੇ ਦੌਰ ਵਿਚ ਯੂ. ਕੇ. ਦੀ ਉਚ ਸਿੱਖਿਆ, ਕੈਨੇਡਾ ਵਿਚ ਨਵੇਂ ਮੌਕੇ ਅਤੇ ਨਵੇਂ ਪ੍ਰੋਗਰਾਮ ਏ. ਆਈ. ਮਸ਼ੀਨ ਲਰਨਿੰਗ ਰੋਬੋਟਿਕਸ ਅਤੇ ਨਵੇਂ ਜਮਾਨੇ ਦੇ ਪ੍ਰੋਗਰਾਮ ਅਤੇ ਯੂ. ਐਸ. ਵਿਚ ਟ੍ਰੇਡਿੰਗ ਐਸ. ਟੀ. ਈ. ਐਮ. ਅਤੇ ਨਾਨ ਐਸ. ਟੀ. ਈ. ਐਮ. ਕੋਰਸ ਅਤੇ ਕੈਰੀਅਰ ਵਰਗੇ ਵਿਸ਼ਿਆਂ 'ਤੇ ਮਾਹਿਰਾਂ ਜਾਣਕਾਰੀ ਦੇਣਗੇ।

# ਮੁੱਖ ਸਕੱਤਰ ਵਲੋਂ ਦਿੱਲੀ-ਕਟੜਾ ਐਕਸਪ੍ਰੈਸਵੇ ਅਤੇ ਹੋਰਨਾਂ ਹਾਈਵੇ ਪ੍ਰਾਜੈਕਟਾਂ ਤਹਿਤ ਐਕਵਾਇਰ ਕੀਤੀ ਜਾਣ ਵਾਲੀ ਜ਼ਮੀਨ ਦਾ ਇਕ ਹਫ਼ਤੇ 'ਚ ਕਬਜ਼ਾ ਲੈਣ ਦੀਆਂ ਹਦਾਇਤਾਂ




**ਜਲੰਧਰ/ਸੰਜੇ ਰਾਜਪੂਤ**

ਦਿੱਲੀ-ਕਟੜਾ ਐਕਸਪ੍ਰੈਸਵੇ ਅਤੇ ਹੋਰਨਾਂ ਹਾਈਵੇ ਪ੍ਰਾਜੈਕਟਾਂ ਦੇ ਕੰਮ ਵਿੱਚ ਤੇਜ਼ੀ ਲਿਆਉਣ ਦੇ ਮੰਤਵ ਨਾਲ ਮੁੱਖ ਸਕੱਤਰ, ਅਨਿਰੁੱਧ ਤਿਵਾੜੀ ਵਲੋਂ ਅੱਜ ਕੰਪੀਟੈਂਟ ਅਥਾਰਟੀ ਫਾਰ ਲੈਂਡ ਐਕਿਊਜੀਸ਼ਨ ਨੂੰ ਹਦਾਇਤ ਕੀਤੀ ਗਈ ਕਿ ਪ੍ਰਾਜੈਕਟ ਤਹਿਤ ਐਕੁਆਇਰ ਕੀਤੀ ਜਾਣ ਵਾਲੀ ਜ਼ਮੀਨ ਦਾ ਇਕ ਹਫ਼ਤੇ ਦੇ ਅੰਦਰ ਕਬਜ਼ਾ ਲਿਆ ਜਾਵੇ ਤਾਂ ਜੋ ਇਹ ਜ਼ਮੀਨ ਨੈਸ਼ਨਲ ਹਾਈਵੇ ਅਥਾਰਟੀ ਆਫ਼ ਇੰਡੀਆ ਨੂੰ ਸਪੁਰਦ ਕਰਨ ਲਈ ਰਾਹ ਪੱਧਰਾ ਹੋ ਸਕੇ।

ਡਿਪਟੀ ਕਮਿਸ਼ਨਰਾਂ ਨਾਲ ਵੀਡੀਓ ਕਾਨਫਰੰਸ ਦੌਰਾਨ ਦੌਰਾਨ ਮੁੱਖ ਸਕੱਤਰ, ਅਨਿਰੁਧ ਤਿਵਾੜੀ ਨੇ ਕਿਹਾ ਕੰਪੀਟੈਂਟ ਅਥਾਰਟੀ ਫਾਰ ਲੈਂਡ ਐਕਿਊਜ਼ੀਸ਼ਨ ਨੂੰ ਇਸ ਸਬੰਧੀ ਸਾਰੀਆਂ ਅੜਚਨਾਂ ਨੂੰ ਦੂਰ ਕਰਕੇ ਅਗਲੇ ਸੱਤ ਦਿਨਾਂ ਦੇ ਵਿੱਚ-ਵਿੱਚ ਜ਼ਮੀਨ ਦੇ ਬਕਾਇਆ ਕਬਜ਼ੇ ਲੈਣ ਦੀਆਂ ਹਦਾਇਤਾਂ ਕੀਤੀਆਂ ਗਈਆਂ ਹਨ।

ਉਨ੍ਹਾਂ ਦੱਸਿਆ ਕਿ ਜਲੰਧਰ ਵਿੱਚ ਦਿੱਲੀ-ਕਟੜਾ ਐਕਸਪ੍ਰੈਸਵੇ ਅਧੀਨ ਆਵੇਗਾ ਕਰੀਬ 72.9 ਕਿਲੋਮੀਟਰ ਦਾ ਹਿੱਸਾ ਆਵੇ

## ਡਿਪਟੀ ਕਮਿਸ਼ਨਰ ਨੇ ਕਿਹਾ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਰੋਜ਼ਾਨਾ ਕੀਤੀ ਜਾਵੇਗੀ ਮੀਟਿੰਗ

ਜਿਸ ਵਿੱਚ 29.06 ਕਿਲੋਮੀਟਰ ਜਲੰਧਰ-2, 19.25 ਕਿਲੋਮੀਟਰ ਫਿਲੌਰ, 13.64 ਕਿਲੋਮੀਟਰ (ਅੰਮ੍ਰਿਤਸਰ ਕੁਨੈਕਟੀਵਿਟੀ) ਅਤੇ 10.95 ਕਿਲੋਮੀਟਰ (ਮੇਨ ਅਲਾਈਨਮੈਂਟ) ਤਹਿਤ ਨਕੋਦਰ ਦਾ ਸ਼ਾਮਿਲ ਹੈ ਜਿਸ ਵਿਚੋਂ 43 ਕਿਲੋਮੀਟਰ ਦਾ ਕਬਜ਼ਾ ਪਹਿਲਾਂ ਹੀ ਲਿਆ ਜਾ ਚੁੱਕਾ ਹੈ।

ਉਨ੍ਹਾਂ ਸਬੰਧਿਤ ਅਥਾਰਟੀਆਂ ਨੂੰ ਕਿਹਾ ਕਿ ਇਸ ਪ੍ਰਕਿਰਿਆ ਨੂੰ ਜਲਦ ਤੋਂ ਜਲਦ ਮੁਕੰਮਲ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਵਿੱਚ ਹੋਰ ਤੇਜ਼ੀ ਲਿਆਦੀ ਜਾਵੇ ਕਿਉਂਕਿ ਪ੍ਰਧਾਨ ਮੰਤਰੀ ਦਫ਼ਤਰ ਵਲੋਂ ਇਸ ਅਹਿਮ ਤੇ ਵੱਕਾਰੀ ਪ੍ਰਾਜੈਕਟ ਦੀ ਪ੍ਰਗਤੀ ਦੀ ਨਿਗਰਾਨੀ ਕੀਤੀ ਜਾ ਰਹੀ ਹੈ।

ਇਸ ਮੌਕੇ ਡਿਪਟੀ ਕਮਿਸ਼ਨਰ ਘਨਸ਼ਿਆਮ ਥੋਰੀ ਨੇ ਦੱਸਿਆ ਕਿ ਦਿੱਲੀ-ਕਟੜਾ ਐਕਸਪ੍ਰੈਸਵੇ ਪ੍ਰੋਜੈਕਟ ਤਹਿਤ ਜ਼ਮੀਨ ਮਾਲਕਾਂ ਵਿੱਚ ਪਹਿਲਾਂ ਹੀ 305.02 ਕਰੋੜ ਰੁਪਏ ਦੀ ਰਾਸ਼ੀ ਵੰਡੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਜ਼ਮੀਨ ਐਕਵਾਇਰ ਕਰਨ ਸਬੰਧੀ ਮਸਲਿਆਂ ਦੇ ਹੱਲ ਲਈ ਕਿਸਾਨ ਜਥੇਬੰਦੀਆਂ ਨਾਲ ਮੀਟਿੰਗਾਂ ਕੀਤੀਆਂ ਜਾਣ।

ਥੋਰੀ ਨੇ ਦੱਸਿਆ ਕਿ ਦਿੱਲੀ-ਕਟੜਾ ਐਕਸਪ੍ਰੈਸਵੇ ਸਬੰਧੀ ਜਾਇਜ਼ਾ ਲੈਣ ਲਈ ਮੀਟਿੰਗ ਰੋਜ਼ਾਨਾ ਕੀਤੀ ਜਾਵੇਗੀ ਤਾਂ ਜੋ ਸਾਰੀਆਂ ਕਾਰਵਾਈਆਂ ਸਮੇਂ ਸਿਰ ਮੁਕੰਮਲ ਕੀਤੀਆਂ ਜਾ ਸਕਣ।

ਉਨ੍ਹਾਂ ਵਲੋਂ ਇਸ ਮੌਕੇ ਨੈਸ਼ਨਲ ਹਾਈਵੇਅ ਪ੍ਰਾਜੈਕਟ ਜਿਸ ਵਿੱਚ ਜਲੰਧਰ ਬਾਈਪਾਸ, ਅੰਮ੍ਰਿਤਸਰ-ਬਠਿੰਡਾ ਗ੍ਰੀਨਫੀਲਡ ਬਾਈਪਾਸ ਅਤੇ ਐਨ.ਐਚ.-70 ਨੂੰ ਚੌੜਾ ਕਰਨਾ ਸ਼ਾਮਿਲ ਹੈ ਦਾ ਜਾਇਜ਼ਾ ਲਿਆ ਗਿਆ।

ਇਸ ਮੋਕੇ ਹੋਰਨਾਂ ਤੋਂ ਇਲਾਵਾ ਉਪ ਮੰਡਲ ਮੈਜਿਸਟ੍ਰੇਟ ਬਲਬੀਰ ਰਾਜ ਸਿੰਘ, ਰਣਦੀਪ ਸਿੰਘ ਹੀਰ, ਜ਼ਿਲ੍ਹਾ ਮਾਲ ਅਫ਼ਸਰ ਜਸਨਜੀਤ ਸਿੰਘ ਆਦਿ ਮੌਜੂਦ ਸਨ।

# ਪਿਛਲੇ ਦਿਨ ਮੀਂਹ ਹਨ੍ਹੇਰੀ ਝੱਖੜ ਤੇਜ਼ ਆਉਣ ਦੇ ਕਾਰਨ ਰਾਇਸ ਸਿਲ ਚ ਬਣੇ ਸ਼ੈੱਡਾਂ ਅਤੇ ਅਨਾਜ ਦਾ ਹੋਇਆ ਭਾਰੀ ਨੁਕਸਾਨ



**ਫ਼ਰੀਦਕੋਟ/ਜਸਵਿੰਦਰ ਸਿੰਘ ਬਰਾੜ ਸਾਧਾਂਵਾਲਾ:-** ਪਿਛਲੇ ਦਿਨ ਵੀਰਵਾਰ ਰਾਤ ਨੂੰ ਬਹੁਤ ਤੇਜ਼ ਹਨੇਰੀ ਝੱਖੜ ਅਤੇ ਮੀਂਹ ਆਇਆ ਜਿਸ ਦੇ ਕਾਰਨ ਸੜਕ ਦੇ ਕਿਨਾਰੇ ਲੱਗੇ ਦਰੱਖਤਾਂ ਅਤੇ ਹੋਰ ਵੀ ਲੋਕਾਂ ਦਾ ਭਾਰੀ ਨੁਕਸਾਨ ਹੋਇਆ ਫਿਰੋਜ਼ਪੁਰ ਚੋ ਬਣੇ ਰਾਇਸ ਸਿਲ J.P Sor tex pvt Ltd ਜੋ ਕਿ ਪਿੰਡ ਸਾਂਦੇ ਹਾਸ਼ਮ ਜ਼ੀਰਾ ਰੋਡ ਤੇ ਜ਼ਿਲ੍ਹਾ ਫ਼ਿਰੋਜ਼ਪੁਰ ਵਿਖੇ ਸਥਿਤ ਹੈ ਰਾਇਸ ਸਿਲ ਦੇ ਮੁਲਾਜ਼ਮਾਂ ਨੇ ਦੱਸਿਆ ਹੈ ਕਿ ਆਏ ਮੀਂਹ ਹਨੇਰੀ ਝੱਖੜ ਦੇ ਕਾਰਨ ਰਾਇਸ ਸਿਲ ਵਿੱਚ ਬਣੇ ਕਾਫ਼ੀ ਸ਼ੈੱਡ ਹਨ੍ਹੇਰੀ ਨੇ ਭੰਨ ਤੋੜ ਦਿੱਤੇ ਹਨ ਅਤੇ ਰਾਇਸ ਸਿਲ ਦੇ ਅੰਦਰ ਪਿਆ ਚਾਵਲ ਅਤੇ ਝੋਨੇ ਦੀਆਂ ਬੋਰੀਆਂ ਦਾ ਵੀ ਭਾਰੀ ਨੁਕਸਾਨ ਹੋਇਆ ਹੈ ਅਤੇ ਰਾਇਸ ਸਿਲ ਦੇ ਅੰਦਰ ਬਣੇ ਸ਼ੈੱਡਾਂ ਦੇ ਉੱਪਰ ਸੋਲਰ ਪੈਨਲ ਦੀਆਂ ਸੀਟਾਂ ਲੱਗੀਆਂ ਹੋਈਆਂ ਸਨ ਜੋ ਕਿ ਸ਼ੈੱਡ ਡਿੱਗਣ ਦੇ ਕਾਰਨ ਲੱਗੀਆਂ ਹੋਈਆਂ ਸੋਲਰ ਪੈਨਲ ਦੀਆਂ ਸੀਟਾਂ ਵੀ ਖ਼ਰਾਬ ਹੋ ਗਈਆਂ ਹਨ ਰਾਇਸ ਸਿਲ ਦੇ ਮੁਲਾਜ਼ਮਾਂ ਦੇ ਦੱਸਣ ਮੁਤਾਬਕ ਇਸ ਤੇਜ਼ ਹਨ੍ਹੇਰੀ ਝੱਖੜ ਮੀਂਹ ਨੇ ਰਾਇਸ ਸਿਲ ਦਾ ਲੱਖਾਂ ਰੁਪਿਆਂ ਦਾ ਨੁਕਸਾਨ ਹੋਇਆ ਹੈ।

# ਜਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਵੱਲੋਂ 20 ਫਰਵਰੀ ਦੀ ਸ਼ਾਮ 6-00 ਵਜੇ ਤੱਕ ਜ਼ਿਲ੍ਹਾ ਗੁਰਦਾਸਪੁਰ ਅੰਦਰ ਲਾਊਡ ਸਪੀਕਰ/ਮੈਗਾ ਫੋਨ ਵਜਾਉਣ 'ਤੇ ਮਨਾਹੀ ਦੇ ਹੁਕਮ ਜਾਰੀ

**ਗੁਰਦਾਸਪੁਰ/ਨਵਨੀਤ ਕੁਮਾਰ**

ਡਿਪਟੀ ਕਮਿਸ਼ਨਰ ਗੁਰਦਾਸਪੁਰ ਜਨਾਬ ਮੁਹੰਮਦ ਇਸ਼ਫਾਕ ਦੀ ਅਗਵਾਈ ਹੇਠ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਗੁਰਦਾਸਪੁਰ ਵਲੋਂ ਲੋੜਵੰਦ ਲੋਕਾਂ ਦੀ ਕੀਤੀ ਜਾ ਰਹੀ ਮਦਦ ਤਹਿਤ ਅੱਜ ਲੈਪਰੋਸੀ (ਕੁਸ਼ਟ) ਕਾਲੋਨੀ ਬਟਾਲਾ ਵਿਖੇ 60 ਹਾਈਜੈਨਿਕ ਕਿੱਟਾਂ ਵੰਡੀਆਂ ਗਈਆਂ। ਇਹ ਜਾਣਕਾਰੀ ਦਿੰਦਿਆਂ ਜ਼ਿਲਾ ਰੈੱਡ ਕਰਾਸ ਦੇ ਸੈਕਟਰੀ ਰਾਜੀਵ ਸਿੰਘ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜਿਲਾ ਰੈੱਡ ਕਰਾਸ ਸੁਸਾਇਟੀ ਵਲੋਂ ਲੋੜਵੰਦ ਲੋਕਾਂ ਖਾਸਕਰਕੇ ਝੁੱਗੀ ਝੌਂਪੜੀਆਂ/ਸਲੱਮ ਏਰੀਅ/ਕੁਸ਼ਟ ਆਸ਼ਰਮ ਆਦਿ ਵਿਚ ਰਹਿੰਦੇ ਲੋਕਾਂ ਦੀ ਵੱਧਚੜ੍ਹ ਕੇ ਮਦਦ ਕੀਤੀ ਜਾਂਦੀ ਹੈ।

ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ,ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,



# ਸਿਵਲ ਹਸਪਤਾਲ ’ਚ ਮਨਾਇਆ ਅੰਤਰਰਾਸ਼ਟਰੀ ਯੋਗ ਦਿਵਸ

**ਲੁਧਿਆਣਾ/ਸੁਖਚੈਨ ਮਹਿਰਾ**

ਸਿਵਲ ਸਰਜਨ ਡਾ ਐਸ ਪੀ ਸਿੰਘ ਦੀ ਯੋਗ ਅਗਵਾਈ ਹੇਠ ਅੱਜ ਸਿਵਲ ਹਸਪਤਾਲ ਵਿਚ 75ਵੇਂ ਆਜ਼ਾਦੀ ਦਾ ਅੰਮ੍ਰਿਤ ਮਹੋਤਸਵ ਤਹਿਤ ਅੱਠਵਾਂ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ› ਇਸ ਮੌਕੇ ਸਿਵਲ ਹਸਪਤਾਲ ਦੇ ਸੀਨੀਅਰ ਮੈਡੀਕਲ ਅਫਸਰ ਡਾ ਅਮਰਜੀਤ ਕੌਰ ਦੀ ਮੌਜੂਦਗੀ ਹੇਠ ਹਸਪਤਾਲ ਦੇ ਸਟਾਫ ਅਤੇ ਮਰੀਜ਼ਾਂ ਨੂੰ ਯੋਗ ਆਸਨ ਕਰਵਾਏ ਗਏ ਇਸ ਮੌਕੇ ਯੋਗ ਕਰਵਾਉਣ ਆਏ ਡਾ ਸੁਨੀਲ ਸੈਣੀ ਅਤੇ ਅਸੋਕ ਗੋਇਲ ਨੇ ਮਰੀਜਾਂ ਅਤੇ ਸਟਾਫ ਨੂੰ ਯੋਗ ਆਸਨ ਕਰਵਾਏ ਇਸ ਮੌਕੇ ਉਨਾਂ ਦੱਸਿਆ ਯੋਗ ਕੇਵਲ ਸਰੀਰਕ ਅਤੇ ਮਾਨਸਿਕ ਵਿਕਾਸ ਲਈ ਹੀ ਨਹੀ ਸਗੋ ਅਧਿਆਤਮਿਕ ਸਕੂਨ, ਸਥਿਰਤਾ, ਇਕਾਗਰਕਤਾ ਅਤੇ ਅਨੰਦ ਲਈ ਵੀ ਜਰੂਰੀ ਹੈ॥ ਉਨ੍ਹਾਂ ਦੱਸਿਆ ਕਿ ਯੋਗ ਕਰਨ ਨਾਲ ਸਰੀਰ ਨੂੰ ਤੰਦਰੁਸਤੀ ਮਿਲਦੀ ਹੈ ਅਤੇ ਯੋਗ ਕਰਨ ਨਾਲ ਇਨਸਾਨ ਕਾਫੀ ਬਿਮਾਰੀਆਂ ਤੋ ਨਿਯਾਤ ਪਾ ਸਕਦਾ ਹੈ ਯੋਗ ਨੂੰ ਹਰ ਉਮਰ ਦਾ ਵਿਅਕਤੀ ਕਰ ਸਕਦਾ ਹੈ ਯੋਗ ਦੁਨੀਆਂ ਦੇ ਅਨੇਕਾਂ ਮੁਲਕਾਂ ਵਿਚ ਤੰਦਰੁਸਤੀ ਲਈ ਅਪਣਾਇਆ ਜਾਂਦਾ ਹੈ ਯੋਗ ਭਾਰਤ ਵਿਚ ਹਾਜ਼ਰਾਂ ਸਾਲ ਪਹਿਲਾ ਰਿਸ਼ੀਆਂ ਮੂਨੀਆਂ ਦੁਆਰਾ ਲਿਆਦਾ ਗਿਆ ਹੈ ਯੋਗ ਕਰਨ ਨਾਲ ਤਣਾਅ, ਚਿੰਤਾ ਵਰਗੀਆਂ ਪ੍ਰੇਸ਼ਾਨੀਆਂ ਘੱਟ ਹੋ ਜਾਂਦੀਆਂ ਹਨ।

ਮਾਹਰਾਂ ਦਾ ਮੰਨਣਾ ਕਿ ਯੋਗ ਨਾਲ ਆਲਮੀ ਮਹਾਮਾਰੀ ਕੋਵਿਡ-19 ਦੀ ਇਨਫੈਕਸ਼ਨ ਕਾਰਨ ਵੱਖ ਵੱਖ ਦੇਸ਼ਾਂ ਤੇ ਸੰਸਕ੍ਰਿਤੀਆਂ ਦੇ ਕਰੋੜਾਂ ਲੋਕਾਂ ਨੇ ਯੋਗ ਕਰਕੇ ਸਿਹਤ ਲਾਭ ਲਿਆ ਜਿਲ੍ਹੇ ਦੇ ਸਾਰੇ ਸਰਕਾਰੀ ਸਿਹਤ ਕੇਦਰਾਂ ਤੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ ਇਸ ਮੌਕੇ ਆਮ ਲੋਕਾਂ ਨੂੰ ਯੋਗ ਕਰਨ ਨਾਲ ਹੋਣ ਵਾਲੇ ਲਾਭ ਬਾਰੇ ਵਿਸਥਾਰ ਪੂਰਵਿਕ ਜਾਣਕਾਰੀ ਦਿੱਤੀ ਗਈ।

# ਵਿਧਾਇਕ ਭੋਲਾ ਨੇ ਕਰੋੜਾਂ ਦੀ ਲਾਗਤ ਵਾਲੇ ਸੜਕੀ ਪ੍ਰਾਜੈਕਟ ਦੀ ਸ਼ੁਰੂਆਤ ਕੀਤੀ ਚੰਡੀਗੜ੍ਹ ਰੋਡ ’ਤੇ 1.87 ਕਰੋੜ



**ਲੁਧਿਆਣਾ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ**

ਲੁਧਿਆਣਾ ਪੂਰਬੀ ਦੇ ਵਿਧਾਇਕ ਦਲਜੀਤ ਸਿੰਘ ਗਰੇਵਾਲ ਭੋਲਾ ਨੇ ਅੱਜ ਚੰਡੀਗੜ੍ਹ ਰੋਡ @ਤੇ ਕਰੋੜਾਂ ਰੁਪਏ ਦੀ ਲਾਗਤ ਨਾਲ ਉਡੀਕੇ ਜਾ ਰਹੇ ਸੜਕੀ ਪ੍ਰਾਜੈਕਟ ਦੀ ਸ਼ੁਰੂਆਤ ਕੀਤੀ 1.87 ਕਰੋੜ ਰੁਪਏ ਦੀ ਲਾਗਤ ਨਾਲ ਲੱਖਾਂ ਮੁਸਾਫਰਾਂ, ਖਾਸ ਕਰਕੇ ਸੈਕਟਰ 32 ਅਤੇ 33 ਦੇ ਵਸਨੀਕਾਂ ਨੂੰ ਲਾਭ ਪਹੁੰਚਾਉਣਾ ਹੈ, ਜੋ ਇਸ ਪੁੱਟੀ ਸੜਕ @ਤੇ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਇਸ ਸਬੰਧੀ ਵਿਸਥਾਰ ਵਿੱਚ ਜਾਣਕਾਰੀ ਦਿੰਦਿਆਂ ਵਿਧਾਇਕ ਨੇ ਕਿਹਾ ਕਿ ਇਸ ਪ੍ਰੋਜੈਕਟ ਨੂੰ ਤੇਜ਼ੀ ਨਾਲ ਮੁਕੰਮਲ ਕੀਤਾ ਜਾਵੇਗਾ ਤਾਂ ਜੋ ਇਸ ਸੜਕ ਦੇ ਨਾਲ ਲੱਗਦੇ ਲੱਖਾਂ ਯਾਤਰੀਆਂ ਅਤੇ ਵਸਨੀਕਾਂ ਦੀ ਸਹੂਲਤ ਲਈ ਇਸ ਨੂੰ ਜਲਦੀ ਮੁਕੰਮਲ ਕੀਤਾ ਜਾ ਸਕੇ ਭੋਲਾ ਨੇ ਕਿਹਾ ਕਿ ਪਿਛਲੀ ਸਰਕਾਰ ਦੀ ਇਸ ਇਲਾਕਾ ਨਿਵਾਸੀਆਂ ਪ੍ਰਤੀ ਉਦਾਸੀਨਤਾ ਕਾਰਨ ਇਹ ਪ੍ਰਾਜੈਕਟ ਕਰੀਬ ਪੰਜ ਸਾਲਾਂ ਤੋਂ ਲਟਕਿਆ ਪਿਆ ਸੀ, ਉਨ੍ਹਾਂ ਕਿਹਾ ਕਿ ਹੁਣ ਇਸ ਪ੍ਰਾਜੈਕਟ ਦੇ ਸੋਧੇ ਹੋਏ ਐਸਟੀਮੇਟ ਨੂੰ ਅੰਤਿਮ ਰੂਪ ਦੇ ਕੇ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ ॥

ਵਿਧਾਇਕ ਨੇ ਕਿਹਾ ਕਿ ਪਹਿਲਾਂ ਇਸ ਸੜਕ @ਤੇ ਨਾਲੀਆਂ ਦਾ ਕੋਈ ਪ੍ਰਬੰਧ ਨਹੀਂ ਸੀ, ਜਿਸ ਕਾਰਨ ਇਸ ਸੜਕ ਦੀ ਹਾਲਤ ਖਸਤਾ ਹੋ ਜਾਂਦੀ ਸੀ, ਪਰ ਸੋਧੇ ਹੋਏ ਐਸਟੀਮੇਟ ਵਿਚ ਸਮੁੱਚੇ ਪ੍ਰੋਜੈਕਟ ਵਿਚ ਨਾਲੀਆਂ ਦਾ ਪ੍ਰਬੰਧ ਜੋੜ ਦਿੱਤਾ ਗਿਆ ਹੈ ਉਨ੍ਹਾਂ ਦੱਸਿਆ ਕਿ ਇਸ ਸੜਕ ਦੇ ਨਾਲ-ਨਾਲ ਨਵੀਆਂ ਨਾਲੀਆਂ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ, ਜੋ ਕਿ 20 ਦਿਨਾਂ ਦੇ ਅੰਦਰ-ਅੰਦਰ ਮੁਕੰਮਲ ਕਰ ਲਿਆ ਜਾਵੇਗਾ, ਜਿਸ ਤੋਂ ਬਾਅਦ ਇੱਥੇ ਨਵੀਂ ਸੜਕ ਦਾ ਕਾਰਪੇਟਿੰਗ ਕੀਤਾ ਜਾਵੇਗਾ ਉਨ੍ਹਾਂ ਇਹ ਵੀ ਕਿਹਾ ਕਿ ਸੈਕਟਰ 32 ਅਤੇ 33 ਦੇ ਲੋਕ ਲੰਮੇ ਸਮੇਂ ਤੋਂ ਇਸ ਸੜਕ ਦੀ ਮੰਗ ਕਰ ਰਹੇ ਸਨ ਪਰ ਪਿਛਲੀ ਸਰਕਾਰ ਨੇ ਇਸ ਨੂੰ ਨਜ਼ਰਅੰਦਾਜ਼ ਕਰ ਦਿੱਤਾ ਸੀ ਅਤੇ ਹੁਣ ਇਹ ਪ੍ਰਾਜੈਕਟ ਜਲਦੀ ਤੋਂ ਜਲਦੀ ਸ਼ੁਰੂ ਕਰਕੇ ਮੁਕੰਮਲ ਕਰ ਦਿੱਤਾ ਗਿਆ ਹੈ ਵਿਧਾਇਕ ਨੇ ਸਬੰਧਤ ਅਧਿਕਾਰੀਆਂ ਨੂੰ ਇਸ ਪ੍ਰਾਜੈਕਟ ਦੀ ਗੁਣਵੱਤਾ ਅਤੇ ਰਫ਼ਤਾਰ ਨੂੰ ਪਹਿਲ ਦੇਣ ਦੀ ਹਦਾਇਤ ਕਰਦਿਆਂ ਕਿਹਾ ਕਿ ਇਸ ਕੰਮ ਵਿੱਚ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਸਰਕਾਰੀ ਹਾਈ ਸਕੂਲ ਬਦਰਾ @ਚ ਅੰਤਰ ਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ

**ਬਰਨਾਲਾ/ਲੋਕ ਬਾਣੀ**

ਸਿੱਖਿਆ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਸਰਕਾਰੀ ਹਾਈ ਸਕੂਲ ਬਦਰਾ ਵਿਖੇ 8ਵਾਂ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ ਸਕੂਲ ਦੇ ਮੀਡੀਆ ਕੋਆਰਡੀਨੇਟਰ ਨਿਰਮਲ ਸਿੰਘ ਵਾਲੀਆ ਨੇ ਦੱਸਿਆ ਕਿ ਅੱਜ ਸਵੇਰੇ ਸਕੂਲ ਵਿੱਚ ਵਿਦਿਆਰਥੀਆਂ ਨੇ ਡੀ.ਪੀ.ਈ. ਹਰਜੀਤ ਸਿੰਘ ਜੋਗਾ ਦੀ ਅਗਵਾਈ ਵਿੱਚ ਪ੍ਰਾਣਾਯਾਮ, ਪਦਮ ਆਸਣ, ਵਜ਼ਰ ਆਸਣ, ਤਾੜ ਆਸਣ, ਚੱਕਰ ਆਸਣ ਸਮੇਤ ਵੱਖ-ਵੱਖ ਤਰ੍ਹਾਂ ਦੇ ਯੋਗ ਆਸਣਾਂ ਤੇ ਕਿਰਿਆਵਾਂ ਦਾ ਅਭਿਆਸ ਕੀਤਾ ਸਕੂਲ ਮੁਖੀ ਦਰਸ਼ਨ ਸਿੰਘ ਨੇ ਵਿਦਿਆਰਥੀਆਂ ਵੱਲੋਂ ਕੀਤੀਆਂ ਗਈ ਯੋਗ ਕਿਰਿਆਵਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਯੋਗ ਕਿਰਿਆਵਾਂ ਨਾਲ ਜਿੱਥੇ ਵਿਅਕਤੀ ਸਰੀਰਕ ਤੌਰ @ਤੇ ਤੰਦਰੁਸਤ ਬਣਦਾ ਹੈ, ਉੱਥੇ ਇਹ ਕਿਰਿਆਵਾਂ ਮਾਨਸਿਕ ਤੇ ਭਾਵਨਾਤਮਕ ਤੌਰ @ਤੇ ਵੀ ਮਜ਼ਬੂਤ ਬਣਾਉਂਦੀਆਂ ਹਨ ਉਹਨਾਂ ਨੇ ਕਿਹਾ ਕਿ ਤੰਦਰੁਸਤੀ ਬਣਾਈ ਰੱਖਣ ਲਈ ਸਾਰਿਆਂ ਨੂੰ ਯੋਗ ਨਾਲ ਜੁੜਨਾ ਚਾਹੀਦਾ ਹੈ ਅਧਿਆਪਕ ਅਵਤਾਰ ਸਿੰਘ, ਗੁਰਜੀਤ ਕੌਰ, ਗੁਰਪਿੰਦਰ ਸਿੰਘ, ਨਿਰਮਲ ਸਿੰਘ ਵਾਲੀਆ, ਕੁਲਵਿੰਦਰ ਸਿੰਘ, ਹਰਜੀਤ ਸਿੰਘ ਜੋਗਾ ਅਤੇ ਚਿਰਜੋਤ ਸਿੰਘ ਨੇ ਵੀ ਵਿਦਿਆਰਥੀਆਂ ਵੱਲੋਂ ਕੀਤੇ ਗਏ ਯੋਗ ਆਸਣਾਂ ਦੀ ਪ੍ਰਸ਼ੰਸਾ ਕੀਤੀ ਗਈ।

# ਸਬ ਨੈਸ਼ਨਲ ਪੋਲੀਓ ਮੁਹਿੰਮ ਦੇ ਆਖਰੀ ਦਿਨ 29 ਟੀਮਾਂ ਨੇ 6135 ਬੱਚਿਆਂ ਨੂੰ ਪੋਲੀਓ ਰੋਕੂ ਦਵਾਈ ਪਿਲਾਈ

**ਗੁਰਦਾਸਪੁਰ/ਨਵਨੀਤ ਕੁਮਾਰ**



ਸਬ ਨੈਸ਼ਨਲ ਪੋਲਿਓ ਮੁਹਿੰਮ ਦੇ/ ਆਖਰੀ ਦਿਨ ਸਿਵਲ ਸਰਜਨ ਗੁਰਦਾਸਪੁਰ ਡਾ: ਵਿਜੇ ਕੁਮਾਰ ਦੇ ਦਿਸ਼ਾ ਨਿਰਦੇਸ਼ਾ ਜਿਲਾ ਗੁਰਦਾਸੁਪਰ ਵਿੱਚ ਪ੍ਰਵਾਸੀ ਅਬਾਦੀ ਦੇ ਬੱਚਿਆਂ ਨੂੰ ਪਲਸ ਪੋਲੀਓ ਦੀ ਦਵਾਈ ਪਲਾਈ ਗਈ ਇਸ ਸਬੰਧੀ ਜਾਣਕਾਰੀ ਦਿੰਦਿਆ ਜਿਲਾ ਟੀਕਾਕਰਣ ਅਫਸਰ ਡਾ ਅਰਵਿੰਦ ਕੁਮਾਰ ਨੇ ਦੱਸਿਆ ਕਿ ਮਾਈਗੇਟਰੀ ਅਬਾਦੀ ਜਿਵੇ ਕਿ ਝੁੱਗੀਆ ਝੋਪੜੀਆ ਭੱਠੇ, ਸਲਮ ਏਰੀਆ, ਗੁਜਰ ਅਤੇ ਮਜਦੂਰਾ ਦੇ ਬੱਚਿਆ ਨੂੰ ਘਰ ਘਰ ਜਾ ਕੇ ਪੋਲੀਓ ਦੀਆ ਬੂੰਦਾ ਪਲਾਈਆ ਗਈਆ ਇਸ ਅਬਾਦੀ ਨੂੰ ਕਵਰ ਕਰਨਾ ਇਸ ਲਈ ਜਰੂਰੀ ਹੁੰਦਾ ਹੈ ਕਿਉਕਿ ਇਹ ਲੋਕ ਇਕ ਜਗ੍ਹਾ ਨਹੀ ਰਹਿੰਦੇ ਅਤੇ ਇਧਰ ਉਧਰ ਜਾਂਦੇ ਰਹਿੰਦੇ ਹਨ ਉਹਨਾ ਦਸਿਆ ਕਿ ਸਿਹਤ ਵਿਭਾਗ ਦੀਆ 29 ਟੀਮਾ ਨੇ ਕੁੱਲ 6135 ਬੱਚਿਆ ਨੂੰ ਪੋਲੀਓ ਰੋਕੂ ਦਵਾਈ ਪਿਲਾਈ ਇਹ ਟੀਚਾ ਕੁੱਲ ਟੀਚੇ ਤੋ 108.43 ਫੀਸਦੀ ਵੱਧ ਰਿਹਾ॥

ਇਸ ਮੋਕੇ ਤੇ ਉਹਨਾ ਦੱਸਿਆ ਕਿ ਉਹਨਾ ਨੇ ਹੋਰਨਾ ਜਿਲਾ ਸਿਹਤ ਅਧਿਕਾਰੀਆ ਨਾਲ ਝੁੱਗੀਆ ਝੋਪੜੀਆ ਭੱਠੇ, ਸਲਮ ਏਰੀਆ, ਗੁਜਰ ਦੇ ਡੇਰਿਆ ਤੇ ਜਾ ਕੇ ਚੇਕਿੰਗ ਕੀਤੀ ਅਤੇ ਵੇਖਿਆ ਕਿ ਕੰਮ ਸਹੀ ਤਰੀਕੇ ਨਾਲ ਕੀਤਾ ਜਾ ਰਿਹਾ ਹੈ ਉਹਨਾ ਪ੍ਰਵਾਸੀ ਅਬਾਦੀ ਵਾਲੇ ਮਜਦੂਰਾ ਨਾਲ ਗੱਲਬਾਤ ਕਰਦਿਆ ਸਮਝਾਇਆ ਕਿ ਉਹਨਾ ਦਾ ਬੱਚਿਆ ਦਾ ਟੀਕਾਕਰਣ ਬਹੁਤ ਜਰੂਰੀ ਹੈ ਜਦੋ ਵੀ ਸਿਹਤ ਵਿਭਾਗ ਦੇ ਕਰਮਚਾਰੀ ਟੀਕਾਕਰਣ ਲਈ ਉਹਨਾ ਕੋਲ ਆਉਂਦੇ ਹਨ ਤਾ ਉਹ ਉਹਨਾ ਦਾ ਸਹਿਯੋਗ ਕਰਨ ਉਹਨਾ ਸਿਹਤ ਮਲਾਜਮਾ ਦੀ ਸ਼ਲਾਘਾ ਕਰਦਿਆ ਕਿਹਾ ਕਿ ਸਿਹਤ ਮਲਾਜਮਾ ਨੇ ਤਿੰਨ ਦਿਨ ਤਨਦੇਹੀ ਨਾਲ ਕੰਮ ਕਰਕੇ ਘਰ ਘਰ ਜਾ ਕੇ ਬੱਚਿਆ ਨੂੰ ਪੋਲੀਓ ਦੀ ਦਵਾਈ ਪਲਾਈ ਇਸ ਮੋਕੇ ਤੇ ਡਾ ਬਲਵਿੰਦਰ ਕੌਰ ਸਟੇਟ ਇਮੁਨਾਇਜੇਸ਼ਨ ਅਫਸਰ ,ਡਾ, ਭਾਰਤ ਭੂਸ਼ਨ ਸਹਾਇਕ ਸਿਵਲ ਸਰਜਨ , ਰਕੇਸ਼ ਕੁਮਾਰ ਬੀ.ਈ.ਈ ਚੈਕਿੰਗ ਦੋਰਾਨ ਹਾਜਰ ਸਨ।

# ਦੀਨਾਨਗਰ ਦੇ ਸੀ. ਐਚ. ਸੀ. ਸਿੰਘੋਵਾਲ ’ਚ ਮਨਾਇਆ 8ਵਾਂ ਅੰਤਰ-ਰਾਸ਼ਟਰੀ ਯੋਗ ਦਿਵਸ



**ਦੀਨਾਨਗਰ/ਡਾ.ਰਮੇਸ਼ ਸਰੰਗਲ**

ਹਰ ਬੀਤਦੇ ਸਾਲ ਦੇ ਨਾਲ ਲੋਕਾਂ ਵਿੱਚ ਯੋਗ ਪ੍ਰਤੀ ਉਤਸ਼ਾਹ ਵਧਦਾ ਜਾ ਰਿਹਾ ਹੈ ਅੱਜ 8ਵੇਂ ਅੰਤਰਰਾਸ਼ਟਰੀ ਯੋਗ ਦਿਵਸ ਦੇ ਮੌਕੇ ਤੇ ਵੱਖ-ਵੱਖ ਥਾਵਾਂ ਤੇ ਲੋਕਾਂ ਦੇ ਸਮੂਹ ਨੇ ਯੋਗ ਅਭਿਆਸ ਕੀਤਾ ਸੀ ਐਸ ਸੀ ਸਿੰਘਾਂ ਦੇ ਮੈਡੀਕਲ ਅਫਸਰ ਹੋਮਿਓਪੈਥੀ ਬਤੌਰ ਮੁੱਖ ਮਹਿਮਾਨ ਵਜੋਂ ਪਠਾਨਕੋਟ ਦੇ ਧਰੁਵ ਪਾਰਕ ਵਿਚ ਯੋਗ ਅਭਿਆਸ ਲਈ ਸ਼ਾਮਲ ਹੋਏ ਯੋਗ ਸਿੱਖਿਅਕ ਦੇ ਤੌਰ ਤੇ ਆਪਣੀ ਜ਼ਿੰਮੇਵਾਰੀ ਅਤੇ ਭੂਮਿਕਾ ਦੱਸਦੇ ਹੋਏ ਡਾ.ਇੰਦਰਜੀਤ ਸਿੰਘ ਰਾਣਾ ਨੇ ਸਟਾਫ ਅਤੇ ਡਾਕਟਰਾਂ ਨੂੰ ਯੋਗ ਕਰਾਇਆ ਆਪਣੇ ਸੰਬੋਧਨ ਵਿਚ 8 ਅੰਤਰਰਾਸ਼ਟਰੀ ਯੋਗ ਦਿਵਸ ਦੇ ਥੀਮ ਮਾਨਵਤਾ ਲਈ ਯੋਗ ਦੀ ਮਹੱਤਤਾ ਦੱਸੀ ਯੋਗ ਪ੍ਰਤੀ ਬੱਚਿਆਂ ਵਿੱਚ ਵਿਸ਼ੇਸ਼ ਉਤਸਾਹ ਨੂੰ ਦੇਖਦੇ ਹੋਏ ਡਾ. ਇੰਦਰਜੀਤ ਸਿੰਘ ਰਾਣਾ ਅਤੇ ਡਾ.ਸੰਗੀਤਾ ਪਾਲ ਨੇ ਦੀਨਾਨਗਰ ਵਿੱਚ ਵਿਸ਼ੇਸ਼ ਯੋਗ ਪ੍ਰੋਟੋਕੋਲ ਅਭਿਆਸ ਦਾ ਆਯੋਜਨ ਕੀਤਾ ਜਿਸ ਵਿੱਚ ਉਨ੍ਹਾਂ ਨੇ 21 ਜੂਨ ਨੂੰ ਯੋਗ ਦਿਵਸ ਵਜੋਂ ਚੁਣਨ ਦਾ ਕਾਰਨ ਦੱਸਿਆ ਉਨ੍ਹਾਂ ਨੇ ਬੱਚਿਆਂ ਨੂੰ ਯੋਗ ਨਾਲ ਨਿਰੋਗ ਹੋਣ ਦੇ ਉਪਾਅ ਦੱਸੇ ਇਸ ਮੌਕੇ ਐਸ ਐਮ ਓ ਡਾ.ਵੰਦਨਾ ਕੌਂਡਲ, ਡਾ.ਕੁਸੁਮ, ਡਾ.ਸੁਖਵਿੰਦਰ ਸੁੱਖੀ, ਡਾ.ਹਿਮਾਂਸ਼ੂ ਸੋਹਲ, ਮੈਡਮ ਕਾਂਤਾ ਦੇਵੀ, ਨਿਰਮਲ ਕੌਰ, ਰਛਪਾਲ, ਭੂਪੇਸ, ਸਾਹਿਬ ਸਿੰਘ ਇਲਾਵਾ ਸਮੂਹ ਸੀ ਐਚ ਸੀ ਸਟਾਫ ਹਾਜ਼ਰ ਸੀ।

Website : www.lokbani.com
lokbani08@gmail.com

# ਸੰਤ ਨਿਰੰਕਾਰੀ ਮਿਸ਼ਨ ਵੱਲੋਂ ਮਾਨਵਤਾ ਨੂੰ ਸਮਰਪਿਤ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ




**ਹੁਸ਼ਿਆਰਪੁਰ/ਰਮਿੰਦਰ ਕੌਰ**

ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦੀ ਪਾਵਨ ਅਸ਼ੀਰਵਾਦ ਸਦਕਾ ਇਸ ਸਾਲ ਸੰਤ ਨਿਰੰਕਾਰੀ ਮਿਸ਼ਨ ਵੱਲੋਂ 21 ਜੂਨ, 2022 ਨੂੰ 'ਅੰਤਰਰਾਸ਼ਟਰੀ ਯੋਗ ਦਿਵਸ' ਵਿਸ਼ਵ ਭਰ ਵਿੱਚ ਮਨਾਇਆ ਗਿਆ ਸਮੁੱਚੇ ਭਾਰਤ ਦੇ ਵੱਖ-ਵੱਖ ਖੇਤਰਾਂ ਵਿੱਚ ਸਥਾਨਕ ਯੋਗਾ ਇੰਸਟ੍ਰਕਟਰਾਂ ਦੀ ਅਗਵਾਈ ਹੇਠ ਆਪੋ-ਆਪਣੀਆਂ ਬ੍ਰਾਂਚਾਂ ਵਿੱਚ ਖੁੱਲ੍ਹੇ ਸਥਾਨਾਂ ਅਤੇ ਪਾਰਕਾਂ ਵਿੱਚ ਯੋਗਾ ਕਰਵਾਇਆ ਗਿਆ, ਜਿਸ ਦੀ ਸ਼ੁਰੂਆਤ ਸਵੇਰੇ 6:00 ਵਜੇ ਤੋਂ ਕੀਤੀ ਗਈ।

ਹੁਸ਼ਿਆਰਪੁਰ ਬ੍ਰਾਂਚ ਦੇ ਮੁਖੀ ਸੁਭੱਦਰਾ ਦੇਵੀ ਨੇ ਦੱਸਿਆ ਕਿ ਅੱਜ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਸੰਤ ਨਿਰੰਕਾਰੀ ਸਤਿਸੰਗ ਭਵਨ ਹੋਸ਼ਿਆਰਪੁਰ ਵਿਖੇ ਯੋਗਾ ਕੈਂਪ ਸਵੇਰੇ 6 ਵਜੇ ਤੋਂ 8 ਵਜੇ ਤੱਕ ਲਗਾਇਆ ਗਿਆ ਜਿਸ ਵਿੱਚ ਹੋਸ਼ਿਆਰਪੁਰ ਇਲਾਕੇ ਦੇ ਭੈਣਾ ਅਤੇ ਭਰਾਵਾਂ ਨੇ ਹਿਸਾ ਲਿਆ।

ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ (ਸੰਤ ਨਿਰੰਕਾਰੀ ਮਿਸ਼ਨ ਦਾ ਸਮਾਜਿਕ ਵਿੰਗ) ਵੱਲੋਂ ਸਾਲ 2015 ਤੋਂ ਹੀ ਯੋਗ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ ਇਸ ਸਾਲ ਦਾ ਪ੍ਰੋਗਰਾਮ ਸੰਤ ਨਿਰੰਕਾਰੀ ਮੰਡਲ ਦੇ ਸਕੱਤਰ ਸਤਿਕਾਰਯੋਗ ਸ਼੍ਰੀ ਜੋਗਿੰਦਰ ਸੁਖੀਜਾ ਜੀ ਦੇ ਦਿਸ਼ਾ-ਨਿਰਦੇਸ਼ਾਂ ਹੇਠ ਪੂਰੇ ਭਾਰਤ ਵਿੱਚ ਆਯੋਜਿਤ ਕੀਤਾ ਗਿਆ।

ਹੁਸ਼ਿਆਰਪੁਰ ਬ੍ਰਾਂਚ ਦੇ ਸੇਵਾਦਲ ਸੰਚਾਲਕ ਬਾਲ ਕ੍ਰਿਸ਼ਨ ਮੌਂਗਿਆ ਜੀ ਨੇ ਦੱਸਿਆ ਕਿ , ਹੋਸ਼ਿਆਰਪੁਰ ਜਿਲੇ ਦੀਆਂ ਲਗਭਗ ਸਾਰੀਆਂ ਬ੍ਰਾਂਚਾਂ ਵਿੱਚ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਯੋਗ ਕੈਂਪ ਲਗਾਏ ਗਏ, ਜਿਨ੍ਹਾਂ ਵਿਚ ਇਲਾਕੇ ਦੇ ਸ਼ਰਧਾਂਲੂਆਂ ਨੇ ਵਧ ਚੜ੍ਹ ਕੇ ਹਿੱਸਾ ਲਿਆ ਇਸ ਮੌਕੇ ਤੇ ਸੇਵਾਦਲ ਦੇ ਮੈਂਬਰਾਂ ਤੋਂ ਇਲਾਵਾ ਸਾਧ ਸੰਗਤ ਵਿੱਚ ਵੀ ਭਾਰੀ ਉਤਸ਼ਾਹ ਦੇਖਿਆ ਗਿਆ।

ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਅਕਸਰ ਆਪਣੇ ਵਿਚਾਰਾਂ ਵਿੱਚ ਕਹਿੰਦੇ ਹਨ ਕਿ ਅਧਿਆਤਮਿਕ ਗਿਆਨ ਦੇ ਨਾਲ-ਨਾਲ ਸਾਡੇ ਲਈ ਸਰੀਰਕ ਅਤੇ ਮਾਨਸਿਕ ਤੌਰ @ਤੇ ਤੰਦਰੁਸਤ ਰਹਿਣਾ ਬਹੁਤ ਜ਼ਰੂਰੀ ਹੈ ਇਸ ਯੋਗ ਦਿਵਸ ਦਾ ਮਕਸਦ ਇਹ ਵੀ ਹੈ ਕਿ ਸਾਰਿਆਂ ਵਿਚ ਇਕਾਗਰਤਾ ਅਤੇ ਭਾਈਚਾਰਕ ਸਾਂਝ ਦਾ ਸੰਚਾਰ ਹੋਣਾ ਚਾਹੀਦਾ ਹੈ ਤਾਂ ਜੋ ਜੀਵਨ ਸ਼ੈਲੀ ਨੂੰ ਵਧੀਆ ਅਤੇ ਉੱਤਮ ਢੰਗ ਨਾਲ ਬਤੀਤ ਕੀਤਾ ਜਾ ਸਕੇ ਅਜੋਕੇ ਸਮੇਂ ਵਿੱਚ ਜਿੱਥੇ ਤਣਾਅਪੂਰਨ ਅਤੇ ਨਕਾਰਾਤਮਕ ਵਿਚਾਰਾਂ ਦਾ ਪ੍ਰਭਾਵ ਹਰ ਵਿਅਕਤੀ ਉੱਤੇ ਹੈ ਅਜਿਹੇ ਸਮੇਂ ਵਿੱਚ ਪ੍ਰਮਾਤਮਾ ਨੇ ਸਾਨੂੰ ਜੋ ਮਨੁੱਖੀ ਸਰੀਰ ਦਿੱਤਾ ਹੈ, ਉਸ ਨੂੰ ਯੋਗ ਰਾਹੀਂ ਸੰਭਾਲ ਕੇ ਸਾਡੀਆਂ ਇੰਦਰੀਆਂ ਨੂੰ ਜਾਗ੍ਰਿਤ ਕਰਕੇ ਅਧਿਆਤਮਿਕਤਾ ਨਾਲ ਭਰਪੂਰ ਜੀਵਨ ਬਤੀਤ ਕੀਤਾ ਜਾ ਸਕਦਾ ਹੈ।

ਯੋਗ ਭਾਰਤ ਦੀ ਪ੍ਰਾਚੀਨ ਪਰੰਪਰਾ ਦਾ ਇੱਕ ਅਨਮੋਲ ਤੋਹਫ਼ਾ ਹੈ ਇਹ ਮਨ ਅਤੇ ਸਰੀਰ ਦੀ ਏਕਤਾ ਦਾ ਪ੍ਰਤੀਕ ਹੈ ਇਹ ਕੇਵਲ ਕਸਰਤ ਦੇ ਰੂਪ ਵਿੱਚ ਹੀ ਨਹੀਂ ਹੈ ਬਲਕਿ ਸਕਾਰਾਤਮਕ ਭਾਵਨਾਵਾਂ ਨੂੰ ਜਗਾ ਕੇ ਤਣਾਅ ਮੁਕਤ ਜੀਵਨ ਜਿਊਣ ਲਈ ਪ੍ਰੇਰਿਤ ਕਰਦਾ ਹੈ ਯੋਗਾ ਦੁਆਰਾ, ਵਿਅਕਤੀ ਸਿਹਤਮੰਦ ਰਹਿ ਕੇ ਆਪਣਾ ਜੀਵਨ ਆਸਾਨ ਅਤੇ ਕਿਰਿਆਸ਼ੀਲ ਤਰੀਕੇ ਨਾਲ ਜੀਅ ਸਕਦਾ ਹੈ ਅਜੋਕੇ ਸਮੇਂ ਵਿੱਚ ਤਣਾਅ ਮੁਕਤ ਜੀਵਨ ਜਿਊਣ ਲਈ ਯੋਗਾ ਅਤਿ ਜ਼ਰੂਰੀ ਹੈ ਅਤੇ ਹੁਣ ਇਸ ਸੱਭਿਆਚਾਰ ਨੂੰ ਦੁਨੀਆ ਦੇ ਲਗਭਗ ਸਾਰੇ ਦੇਸ਼ ਅਪਣਾ ਰਹੇ ਹਨ।

# ਮਾਨਵਤਾ ਦੇ ਲਈ ਯੋਗ ਤਹਿਤ ਡੀ.ਬੀ.ਜ਼ੀ ਨੇ 8ਵਾਂ ਅੰਤਰਾਸ਼ਟਰੀ ਯੋਗ ਦਿਵਸ ਮਨਾਇਆ



ਡੈਡੀਕੇਟਿਡ ਬ੍ਰਦਰਜ ਗਰੁੱਪ ਰਜਿ:ਪੰਜਾਬ ਦੇ ਸੰਸਥਾਪਕ ਅਤੇ ਆਜੀਵਨ ਪ੍ਰਧਾਨ ਡਾ.ਰਾਕੇਸ਼ ਵਰਮੀ ਦੀ ਸਰਪ੍ਰਸਤੀ ਹੇਠ ਅਠਵੇਂ ਅੰਤਰਾਸ਼ਟਰੀ ਯੋਗ ਦਿਵਸ ਦੇ ਸਬੰਧ ਵਿਚ ਅਰਬਨ ਅਸਟੇਟ ਫੇਸ 2 ਦੇ ਪਾਰਕ ਨੰਬਰ 18 ਵਿੱਚ ਕੰਵਰਸੈਨ ਜੈਨ ਅਤੇ ਬ੍ਰਿਜ ਲਤਾ ਜੈਨ ਦੀ ਅਗਵਾਈ ਵਿੱਚ ਮਾਨਵਤਾ ਦੇ ਲਈ ਯੋਗ ਤਹਿਤ ਡੈਡੀਕੇਟਿਡ ਬ੍ਰਦਰਜ ਗਰੁੱਪ ਨੇ 8ਵਾਂ ਅੰਤਰਾਸ਼ਟਰੀ ਯੋਗ ਦਿਵਸ ਮਨਾਇਆ ਜਿਸ ਵਿਚ ਯੋਗ ਅਚਾਰੀਆ ਡਾ.ਰਾਕੇਸ਼ ਵਰਮੀ ਨੇ ਯੋਗ ਸਾਧਕਾਂ ਨੂੰ ਭਸਰਕਾ, ਅਨੁਲੋਮ-ਵਿਲੋਮ, ਕਪਾਲਭਾਤੀ, ਭਰਮਰੀ, ਓਜਈ ਪ੍ਰਾਣਾਯਾਮ, ਆਸਨ ਕਰਵਾਏ ਅਚੇਆਸਨ ਪ੍ਰਾਣਾਯਾਮ ਦੇ ਸਿਹਤ ਲਈ ਫਾਇਦੇ ਵੀ ਦੱਸੇ ਡਾ.ਰਾਕੇਸ਼ ਵਰਮੀ ਨੇ ਦੱਸਿਆ ਯੋਗ ਪ੍ਰਾਣਾਯਾਮ ਕਰਨ ਤੋਂ ਪਹਿਲਾ ਓਮ ਦੀ ਧੂਨੀ ਵੀ ਲਗਾਉਣੀ ਚਾਹੀਦੀ ਹੈ ਜਿਸ ਨਾਲ ਮਨ ਦੀ ਇਕਾਰਾਰਤਾ ਬਣਦੀ ਹੈ ਅਤੇ ਬਾਹਰੀ ਵਿਚਾਰਾਂ ਨੂੰ ਕੰਟਰੋਲ ਕਰਨ ਦੀ ਸ਼ਕਤੀ ਵਧਦੀ ਹੈ ਡਾ.ਰਾਕੇਸ਼ ਵਰਮੀ ਨੇ ਕਿਹਾ ਵਰਲਡ ਹੈਲਥ ਓਰਗਨਾਈਜੇਸ਼ਨ ਵੱਲੋਂ ਸੋਧ ਕੀਤੀ ਗਈ ਹੈ ਕਿ 75 ਪ੍ਰਤੀਸ਼ਤ ਤੋਂ ਵੱਧ ਬਿਮਾਰੀਆਂ ਸਿਰਫ ਮਨ ਨਾਲ ਸਬੰਧਤ ਹੁੰਦੀਆਂ ਹਨ ਇਨਾਂ ਬਿਮਾਰੀਆਂ ਤੋਂ ਬਚਣ ਦਾ ਸਹਿਜ ਅਤੇ ਸਰਲ ਤਰੀਕਾ ਹੈ ਮੈਡੀਟੇਸ਼ਨ, ਧਿਆਨ, ਯੋਗ ਸਾਧਨਾ ਇਸ ਲਈ ਹਰੇਕ ਵਿਅਕਤੀ ਨੂੰ ਆਪਣੇ ਘਰ, ਪਾਰਕ ਜਾਂ ਸੰਗਠਨ ਰੂਪ ਯੋਗ ਸਾਧਨਾ ਹਰ ਰੋਜ ਕਰਨੀ ਚਾਹੀਦੀ ਹੈ ਬ੍ਰਿਜ ਲਤਾ ਜੈਨ ਕੰਵਨਸੈਨ ਜੈਨ ਨੇ ਯੋਗ ਸਾਧਨਾ ਦੀ ਮਹੱਤਤਾ ਤੇ ਰੋਸ਼ਨੀ ਪਾਈ ਅਤੇ ਹਰ ਨਾਗਰਿਕ ਨੂੰ ਆਪਣੇ ਲਈ ਸਮਾਂ ਦੇਣ ਦੀ ਅਪੀਲ ਕੀਤੀ ਬੀ.ਐਨ ਸ਼ਰਮਾਂ ਨੇ ਕਿਹਾ ਜੇ ਕਰ ਅਸੀ ਖੁੱਦ ਤੰਦਰੁਸਤ ਹੋਵਾਂਗੇ ਤਾਂ ਹੀ ਅਸੀ ਤੰਦਰੁਸਤ ਪਰਿਵਾਰ ਅਤੇ ਖੁਸਹਾਲ ਸਮਾਜ ਦੀ ਸਿਰਜਣਾ ਕਰ ਸਕਦੇ ਹਾਂ ਬ੍ਰਿਜ ਲਤਾ ਜੈਨ ਨੇ ਆਏ ਹੋਏ ਮੁੱਖ ਮਹਿਮਾਨ ਅਤੇ ਸਾਰੇ ਸਾਧਕਾਂ ਦਾ ਧੰਨਵਾਦ ਕੀਤਾ ਇਹ ਜਾਣਕਾਰੀ ਅਨਿਲ ਕੁਮਾਰ ਸਿੰਗਲਾ ਨੇ ਦਿੱਤੀ।

# ਸਰਕਾਰੀ ਹਾਈ ਸਕੂਲ ਬਦਰਾ 'ਚ ਅੰਤਰ ਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ





**ਬਰਨਾਲਾ/ਲੋਕ ਬਾਣੀ**

ਸਿੱਖਿਆ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਸਰਕਾਰੀ ਹਾਈ ਸਕੂਲ ਬਦਰਾ ਵਿਖੇ 8ਵਾਂ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ ਸਕੂਲ ਦੇ ਮੀਡੀਆ ਕੋਆਰਡੀਨੇਟਰ ਨਿਰਮਲ ਸਿੰਘ ਵਾਲੀਆ ਨੇ ਦੱਸਿਆ ਕਿ ਅੱਜ ਸਵੇਰੇ ਸਕੂਲ ਵਿੱਚ ਵਿਦਿਆਰਥੀਆਂ ਨੇ ਡੀ.ਪੀ.ਈ. ਹਰਜੀਤ ਸਿੰਘ ਜੋਗਾ ਦੀ ਅਗਵਾਈ ਵਿੱਚ ਪ੍ਰਾਣਾਯਾਮ, ਪਦਮ ਆਸਣ, ਵਜ਼ਰ ਆਸਣ, ਤਾੜ ਆਸਣ, ਚੱਕਰ ਆਸਣ ਸਮੇਤ ਵੱਖ-ਵੱਖ ਤਰ੍ਹਾਂ ਦੇ ਯੋਗ ਆਸਣਾਂ ਤੇ ਕਿਰਿਆਵਾਂ ਦਾ ਅਭਿਆਸ ਕੀਤਾ ਸਕੂਲ ਮੁਖੀ ਦਰਸ਼ਨ ਸਿੰਘ ਨੇ ਵਿਦਿਆਰਥੀਆਂ ਵੱਲੋਂ ਕੀਤੀਆਂ ਗਈ ਯੋਗ ਕਿਰਿਆਵਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਯੋਗ ਕਿਰਿਆਵਾਂ ਨਾਲ ਜਿੱਥੇ ਵਿਅਕਤੀ ਸਰੀਰਕ ਤੌਰ @ਤੇ ਤੰਦਰੁਸਤ ਬਣਦਾ ਹੈ, ਉੱਥੇ ਇਹ ਕਿਰਿਆਵਾਂ ਮਾਨਸਿਕ ਤੇ ਭਾਵਨਾਤਮਕ ਤੌਰ @ਤੇ ਵੀ ਮਜ਼ਬੂਤ ਬਣਾਉਂਦੀਆਂ ਹਨ ਉਹਨਾਂ ਨੇ ਕਿਹਾ ਕਿ ਤੰਦਰੁਸਤੀ ਬਣਾਈ ਰੱਖਣ ਲਈ ਸਾਰਿਆਂ ਨੂੰ ਯੋਗ ਨਾਲ ਜੁੜਨਾ ਚਾਹੀਦਾ ਹੈ ਅਧਿਆਪਕ ਅਵਤਾਰ ਸਿੰਘ, ਗੁਰਜੀਤ ਕੌਰ, ਗੁਰਪਿੰਦਰ ਸਿੰਘ, ਨਿਰਮਲ ਸਿੰਘ ਵਾਲੀਆ, ਕੁਲਵਿੰਦਰ ਸਿੰਘ, ਹਰਜੀਤ ਸਿੰਘ ਜੋਗਾ ਅਤੇ ਚਿਰਜੋਤ ਸਿੰਘ ਨੇ ਵੀ ਵਿਦਿਆਰਥੀਆਂ ਵੱਲੋਂ ਕੀਤੇ ਗਏ ਯੋਗ ਆਸਣਾਂ ਦੀ ਪ੍ਰਸ਼ੰਸਾ ਕੀਤੀ ਗਈ।

# ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮੰਡੀ ਹਰਜੀ ਰਾਮ ਮਲੋਟ ਵਿਖੇ ਯੋਗ ਦਿਵਸ ਮਨਾਇਆ



**ਮੁਕਤਸਰ ਸਾਹਿਬ/ਲੋਕ ਬਾਣੀ**

ਸਿੱਖਿਆ ਵਿਭਾਗ ਦੀਆ ਹਦਾਇਤਾ ਅਨੁਸਾਰ , ਜਿਲਾ ਸਿੱਖਿਆ ਅਫਸਰ ਸ੍ਰੀ ਮੁਕਤਸਰ ਸਾਹਿਬ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਪ੍ਰਿੰਸੀਪਲ ਸ ਬਲਜੀਤ ਸਿੰਘ ਦੀ ਯੋਗ ਅਗਵਾਈ ਵਿੱਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮੰਡੀ ਹਰਜੀ ਰਾਮ ਮਲੋਟ ਵਿਖੇ ਯੋਗ ਦਿਵਸ ਮਨਾਇਆ ਗਿਆ ਜਿਸ ਵਿੱਚ ਸਕੂਲ ਦੀਆ ਵਿਦਿਆਰਥਣਾ ਅਤੇ ਸਮੂਹ ਸਟਾਫ ਨੇ ਭਾਗ ਲਿਆ ਇਸ ਮੌਕੇ ਯੋਗ ਅਚਾਰਿਆ ਪੂਜਾ ਚੁਰਾਇਆ ਜੀ ਨੇ ਵਿਸੇਸ਼ ਤੌਰ ਤੇ ਪਹੁੰਚ ਕੇ ਯੋਗ ਦੇ ਵੱਖ ਵੱਖ ਆਸਣਾ ਬਾਰੇ ਜਾਣਕਾਰੀ ਦਿੱਤੀ ਇਸ ਸਮੇ ਯੋਗ ਅਚਾਰਿਆ ਨੇ ਯੋਗ ਆਸਣ ਕਰਵਾਏ ਅਤੇ ਇਹਨਾ ਤੋ ਹੋਣ ਵਾਲੇ ਲਾਭ ਬਾਰੇ ਦੱਸਿਆ ਇਸ ਮੌਕੇ ਪ੍ਰਿੰਸੀਪਲ ਸ ਬਲਜੀਤ ਸਿੰਘ ਨੇ ਸਮੂਹ ਸਟਾਫ ਨਾਲ ਯੋਗ ਆਸਣ ਕੀਤੇ ਅਤੇ ਯੋਗ ਅਚਾਰਿਆ ਨੂੰ ਜੀ ਆਇਆ ਆਖਿਆ ਅਤੇ ਸਕੂਲ ਵਿਦਿਆਰਥੀਆ ਵਾਸਤੇ ਸਮਾਂ ਕੱਢਣ ਲਈ ਧੰਨਵਾਦ ਕੀਤਾ ਇਸ ਮੌਕੇ ਸਟੇਜ ਦੀ ਕਾਰਵਾਈ ਸੰਜੀਵ ਸਿੰਘ ਬਾਵਾ ਨੇ ਸੰਭਾਲੀ ਇਸ ਮੌਕੇ ਪ੍ਰਿੰਸੀਪਲ ਸ ਬਲਜੀਤ ਸਿੰਘ ਵੱਲੋ ਯੋਗ ਅਚਾਰਿਆ ਪੂਜਾ ਚੁਰਾਇਆ ਨੂੰ ਸਕੂਲ ਦਾ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਇਹ ਜਾਣਕਾਰੀ ਸਕੂਲ ਦੇ ਮੀਡੀਆ ਇੰਚਾਰਜ ਜਸਵਿੰਦਰ ਸਿੰਘ ਡੀ ਪੀ ਈ ਨੇ ਦਿੱਤੀ।